PUNJAB VIDHAN SABHA

DEBATES

Wednesday, the 29th March, 2017

Vol. I– No. 3

OFFICIAL REPORT

CONTENTS

	Page
Obituary References	(3) 1
Short Adjournment of the House	(3) 4
Announcements by the Speaker Reg:	(3) 4
(i) Panel of Chairmen	(3) 4
(ii) Laying of Governor's Address on the Table of the House	(3) 5
Announcement by the Secretary	(3) 20
Matters raised during Zero Hour and Statement by the Chief Minister thereon	(3) 21

Punjab Vidhan Sabha Secretariat, Chandigarh

Price : Rs._________.

Papers laid on the Table of the House (3) 29

Motion under Rule 16 (3) 31

Motion Reg. Constitution of Elected Committees for the year 2017-18 (3) 32

Financial Business

(i) Presentation of Supplementary Demands for Grants for Expenditure of the Government of Punjab for the year 2016-17 (3) 34

(ii) Supplementary Demands for Grants for Expenditure of the Government of Punjab for the year 2016-17 (3) 35

(1) Discussion on the Estimates of the Expenditure Charged on the Revenue of the State (3) 35

(2) Discussion and Voting on the Demands for Supplementary Grants (3) 35

(iii) The Punjab Appropriation Bill, 2017 (3) 47

(iv) Presentation of Vote-on-Account for Expenditure of the Government of Punjab for the year 2017-18 (3) 55

(v) Motion Regarding Vote-on-Account for Three Months (3) 55

(vi) The Punjab Appropriation (Vote-on-Account) Bill, 2017 (3) 107

Legislative Business

The Punjab Law Officers (Engagement) Bill, 2017 (3) 111

Dharna (3) 113

The Punjab Law Officers (Engagement) Bill, 2017 *(Resumption)* (3) 113

ਪੰਜਾਬ ਮੰਤਰੀ ਮੰਡਲ ਦੀ ਸੂਚੀ

ਕ੍ਰਮ ਨੰ.	ਨਾਮ	ਮਹਿਕਮਾ/ਮਹਿਕਮੇ
1.	ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ	ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ
2.	ਸ਼੍ਰੀ ਬ੍ਰਹਮ ਮਹਿੰਦਰਾ	ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ ਮੰਤਰੀ
3.	ਸਰਦਾਰ ਨਵਜੋਤ ਸਿੰਘ ਸਿੱਧੂ	ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ
4.	ਸਰਦਾਰ ਮਨਪ੍ਰੀਤ ਸਿੰਘ ਬਾਦਲ	ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ
5.	ਸਰਦਾਰ ਸਾਧੂ ਸਿੰਘ	ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ
6.	ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ	ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ
7.	ਰਾਣਾ ਗੁਰਜੀਤ ਸਿੰਘ	ਸਿੰਜਾਈ ਅਤੇ ਬਿਜਲੀ ਮੰਤਰੀ
8.	ਸਰਦਾਰ ਚਰਨਜੀਤ ਸਿੰਘ ਚੰਨੀ	ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ
9.	ਸ਼੍ਰੀਮਤੀ ਅਰੁਨਾ ਚੌਧਰੀ	ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ ਰਾਜ ਮੰਤਰੀ
10.	ਸ਼੍ਰੀਮਤੀ ਰਜ਼ੀਆ ਸੁਲਤਾਨਾ	ਲੋਕ ਨਿਰਮਾਣ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਰਾਜ ਮੰਤਰੀ

PUNJAB VIDHAN SABHA

Wednesday, the 29th March, 2017

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr Speaker (Rana Kanwar Pal Singh) in the Chair.

OBITUARY REFERENCES

Mr. Speaker : Obituary References. ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਅੱਜ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿਛੜ ਗਈਆਂ ਹਨ। ਇਸ ਵੇਲੇ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਏ ਹਾਂ।

ਸਰਦਾਰ ਸੁਰਜੀਤ ਸਿੰਘ ਬਰਨਾਲਾ, ਸਾਬਕਾ ਮੁੱਖ ਮੰਤਰੀ, ਪੰਜਾਬ ਸਾਨੂੰ ਮਿਤੀ 14 ਜਨਵਰੀ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 21 ਅਕਤੂਬਰ, 1925 ਨੂੰ ਪਿੰਡ ਅਤੇਲੀ ਬੇਗਪੁਰ, ਜ਼ਿਲ੍ਹਾ ਗੁੜਗਾਉਂ (ਹਰਿਆਣਾ) ਵਿਖੇ ਹੋਇਆ। ਉਹ ਸਾਲ 1969 ਅਤੇ 1970 ਵਿੱਚ ਪੰਜਾਬ ਦੇ ਸਿੱਖਿਆ ਮੰਤਰੀ ਰਹੇ। ਉਹ ਸਾਲ 1985 ਤੋਂ 1987 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਉਹ ਤਾਮਿਲਨਾਡੂ, ਉੱਤਰਾਖੰਡ ਤੇ ਆਂਧਰਾ ਪ੍ਰਦੇਸ਼ ਦੇ ਮਾਨਯੋਗ ਰਾਜਪਾਲ ਅਤੇ ਅੰਡੇਮਾਨ ਤੇ ਨਿਕੋਬਾਰ ਦੇ ਮਾਨਯੋਗ ਲੈਫਟੀਨੈਂਟ ਗਵਰਨਰ ਵੀ ਰਹੇ। ਉਹ ਪਡੂਚੇਰੀ ਦੇ ਮਾਨਯੋਗ ਉਪ ਰਾਜਪਾਲ ਅਤੇ ਕਈ ਮਹਿਕਮਿਆਂ ਦੇ ਕੇਂਦਰੀ ਮੰਤਰੀ ਵੀ ਰਹੇ। ਉਨ੍ਹਾਂ ਨੇ 1942 ਈਸਵੀ ਦੇ ਭਾਰਤ ਛੱਡੋ ਅੰਦੋਲਨ ਵਿੱਚ ਹਿੱਸਾ ਵੀ ਲਿਆ।

ਸਰਦਾਰ ਗੁਰਦੇਵ ਸਿੰਘ ਬਾਦਲ, ਸਾਬਕਾ ਮੰਤਰੀ, ਪੰਜਾਬ ਵੀ ਸਾਨੂੰ ਕੱਲ੍ਹ ਮਿਤੀ 28 ਮਾਰਚ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 10 ਅਪ੍ਰੈਲ, 1932 ਨੂੰ ਪਿੰਡ ਹੇਰਜ, ਜ਼ਿਲ੍ਹਾ ਮੁਕਤਸਰ ਵਿਖੇ ਹੋਇਆ। ਉਹ ਸਾਲ 1967 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਪਹਿਲੀ ਵਾਰ ਅਤੇ ਉਸ ਤੋਂ ਬਾਅਦ ਲਗਾਤਾਰ 7 ਵਾਰ ਪੰਜਾਬ ਵਿਧਾਨ ਸਭਾ ਲਈ ਮੈਂਬਰ ਚੁਣੇ ਗਏ। ਉਹ ਸਾਲ 1962 ਵਿੱਚ ਮੈਂਬਰ, ਐਸ.ਜੀ.ਪੀ.ਸੀ. ਵੀ ਬਣੇ। ਉਹ ਪੰਜਾਬ ਸਰਕਾਰ ਵਿੱਚ ਖੇਤੀਬਾੜੀ ਮੰਤਰੀ ਵੀ ਰਹੇ।

ਸ਼੍ਰੀ ਰਾਜ ਕੁਮਾਰ ਖੁਰਾਣਾ, ਸਾਬਕਾ ਰਾਜ ਮੰਤਰੀ, ਪੰਜਾਬ ਵੀ ਸਾਨੂੰ ਮਿਤੀ 25 ਦਸੰਬਰ, 2016 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 8 ਅਪ੍ਰੈਲ, 1954 ਨੂੰ ਰਾਜਪੁਰਾ ਵਿਖੇ ਹੋਇਆ। ਉਹ ਇਕ ਉੱਘੇ ਸਿਆਸਤਦਾਨ ਅਤੇ ਸਮਾਜ ਸੁਧਾਰਕ ਰਹੇ। ਉਹ ਵਿੱਤ, ਯੋਜਨਾ, ਮਕਾਨ ਅਤੇ ਸ਼ਹਿਰੀ ਵਿਕਾਸ ਵਿਭਾਗ ਦੇ ਰਾਜ ਮੰਤਰੀ ਵੀ ਰਹੇ। ਉਹ ਕਾਂਗਰਸ ਪਾਰਟੀ ਵੱਲੋਂ ਸਾਲ 1992 ਤੇ 2002 ਵਿੱਚ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਸਾਲ 2007 ਵਿੱਚ ਰਾਜਪੁਰਾ ਹਲਕੇ ਤੋਂ ਐਮ.ਐਲ.ਏ. ਚੁਣੇ ਗਏ।

[ਮਾਨਯੋਗ ਸਪੀਕਰ]

ਸਰਦਾਰ ਮੱਖਣ ਸਿੰਘ, ਸਾਬਕਾ ਐਮ.ਐਲ.ਏ., ਵੀ ਸਾਨੂੰ ਮਿਤੀ 20 ਜਨਵਰੀ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 20 ਜੂਨ, 1951 ਨੂੰ ਹੋਇਆ। ਉਨ੍ਹਾਂ ਨੇ ਆਪਣਾ ਰਾਜਨੀਤਿਕ ਜੀਵਨ 1979 ਵਿੱਚ ਬਠਿੰਡਾ ਨਗਰ ਕੌਂਸਲ ਦੇ ਮੈਂਬਰ ਵਜੋਂ ਸ਼ੁਰੂ ਕੀਤਾ। ਉਹ 1997 ਅਤੇ 2007 ਵਿੱਚ ਹਲਕਾ ਪੱਕਾ ਕਲਾਂ ਤੋਂ ਵਿਧਾਇਕ ਚੁਣੇ ਗਏ।

ਸ਼੍ਰੀ ਰਾਮ ਲੁਭਾਇਆ, ਸਾਬਕਾ ਐਮ.ਐਲ.ਏ., ਵੀ ਸਾਨੂੰ ਮਿਤੀ 14 ਜਨਵਰੀ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 1 ਜਨਵਰੀ, 1940 ਨੂੰ ਹੋਇਆ। ਉਹ ਸਾਲ 2002 ਵਿੱਚ ਸ਼ਾਮ ਚੁਰਾਸੀ ਹਲਕੇ ਤੋਂ ਐਮ.ਐਲ.ਏ., ਚੁਣੇ ਗਏ। ਉਨ੍ਹਾਂ ਦੀ ਪਤਨੀ ਸ਼੍ਰੀਮਤੀ ਸੰਤੋਸ਼ ਚੌਧਰੀ, ਡਾਕਟਰ ਮਨਮੋਹਨ ਸਿੰਘ ਜੀ ਦੀ ਸਰਕਾਰ ਵਿੱਚ ਕੇਂਦਰੀ ਮੰਤਰੀ ਰਹੇ। ਉਹ ਪੀ.ਪੀ.ਸੀ.ਸੀ. ਦੇ ਸਕੱਤਰ ਅਤੇ ਪੰਜਾਬ ਯੂਥ ਕਾਂਗਰਸ ਦੇ ਆਰਗੇਨਾਈਜ਼ਿੰਗ ਸਕੱਤਰ ਵੀ ਰਹੇ।

ਸ਼੍ਰੀ ਰਾਜਿੰਦਰਪਾਲ ਸਿੰਘ ਅੱਤਰੀ, ਸੀਨੀਅਰ ਕਾਂਗਰਸੀ ਨੇਤਾ ਵੀ ਸਾਨੂੰ ਮਿਤੀ 13 ਮਾਰਚ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਲਗਭਗ 75 ਸਾਲਾਂ ਦੇ ਸਨ। ਉਨ੍ਹਾਂ ਨੇ 1962 ਤੋਂ ਕਾਂਗਰਸ ਪਾਰਟੀ ਵਿੱਚ ਵੱਖ-ਵੱਖ ਅਹੁਦਿਆਂ ਤੇ ਕੰਮ ਕੀਤਾ। ਉਹ ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਦੇ ਪ੍ਰਧਾਨ ਚੁਣੇ ਗਏ ਅਤੇ ਪੰਜਾਬ ਬੀਜ ਨਿਗਮ ਦੇ ਚੇਅਰਮੈਨ ਵੀ ਰਹੇ।

ਸਰਵਸ਼੍ਰੀ ਦੁਰਗਾ ਸਿੰਘ, ਮਲਕੀਅਤ ਸਿੰਘ, ਸੇਵਾ ਸਿੰਘ ਅਤੇ ਗੁਰਬਚਨ ਸਿੰਘ, ਸਾਰੇ ਸੁਤੰਤਰਤਾ ਸੰਗਰਾਮੀ ਵੀ ਸਾਨੂੰ ਸਭਨਾਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਸਾਰੇ ਸੁਤੰਤਰਤਾ ਸੰਗਰਾਮੀਆਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਹਿੰਦੁਸਤਾਨ ਨੂੰ ਅਜ਼ਾਦ ਕਰਵਾਉਣ ਵਿੱਚ ਆਪਣਾ ਆਪਣਾ ਯੋਗਦਾਨ ਪਾਇਆ। ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਅਜ਼ਾਦੀ ਦਾ ਨਿੱਘਾ ਆਨੰਦ ਮਾਣ ਰਹੇ ਹਾਂ ਅਤੇ ਉਨ੍ਹਾਂ ਨੂੰ ਕਦੇ ਵੀ ਭੁਲਾ ਨਹੀਂ ਸਕਦੇ।

ਸ਼੍ਰੀ ਰਾਜਿੰਦਰ ਕੁਮਾਰ ਉਰਫ ਗੁੱਡੂ, ਵਾਈਸ ਚੇਅਰਮੈਨ, ਐਸ.ਸੀ. ਕਮਿਸ਼ਨ ਵੀ ਸਾਨੂੰ ਮਿਤੀ 18 ਫਰਵਰੀ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 18 ਜੁਲਾਈ, 1959 ਨੂੰ ਹੋਇਆ।

ਸ਼੍ਰੀ ਓਮ ਪੁਰੀ, ਨਿਪੁੰਨ ਅਭਿਨੇਤਾ ਵੀ ਸਾਨੂੰ ਮਿਤੀ 6 ਜਨਵਰੀ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 18 ਅਕਤੂਬਰ, 1950 ਨੂੰ ਅੰਬਾਲਾ (ਹਰਿਆਣਾ) ਵਿਖੇ ਹੋਇਆ। ਉਹ ਮੁੱਖ ਧਾਰਾ ਵਾਲੀਆਂ ਅਤੇ ਕਲਾ ਫਿਲਮਾਂ ਦੇ ਮਹਾਂ ਨਾਇਕ ਸਨ। ਉਨ੍ਹਾਂ ਨੂੰ ਪਦਮਸ਼੍ਰੀ ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।

ਸ਼੍ਰੀਮਤੀ ਫੂਲਨ ਰਾਣੀ, ਪ੍ਰਸਿੱਧ ਕਲਾਕਾਰ ਵੀ ਸਾਨੂੰ ਮਿਤੀ 10 ਮਾਰਚ, 2017

ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ 29 ਦਸੰਬਰ, 1923 ਨੂੰ ਹੋਇਆ। ਉਨ੍ਹਾਂ ਨੂੰ ਸਾਲ 1969 ਵਿੱਚ ਡੇਅ ਐਂਡ ਨਾਈਟ ਕਲਾਕ੍ਰਿਤੀ ਲਈ ਰਾਸ਼ਟਰਪਤੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਬਣਾਏ ਗਏ ਚਿੱਤਰ ਤੇ ਡਾਕ ਟਿਕਟ ਵੀ ਜਾਰੀ ਹੋਇਆ।

ਸ਼੍ਰੀ ਜਸਵੀਰ ਸਿੰਘ, ਸੈਨਿਕ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਮਿਤੀ 27 ਫਰਵਰੀ, 2017 ਤੋਂ ਲਾਪਤਾ ਸਨ ਅਤੇ ਉਨ੍ਹਾਂ ਦੀ ਲਾਸ਼ ਮਿਤੀ 22 ਮਾਰਚ, 2017 ਨੂੰ ਅਰੁਣਾਚਲ ਪ੍ਰਦੇਸ਼ ਵਿਖੇ ਮਿਲੀ। ਉਨ੍ਹਾਂ ਦੀ ਉਮਰ 32 ਸਾਲ ਸੀ।

ਸ਼ਹੀਦ ਜਗਜੀਤ ਸਿੰਘ ਵੀ ਸਾਨੂੰ ਮਿਤੀ 11 ਮਾਰਚ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 17 ਜੂਨ, 1979 ਨੂੰ ਪਿੰਡ ਕੋਟਲਾ ਸ਼ਰਫ, ਨੇੜੇ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਉਹ 20 ਮਾਰਚ, 2001 ਨੂੰ ਸੀ.ਆਰ.ਪੀ.ਐਫ. ਵਿੱਚ ਬਤੌਰ ਸਿਪਾਹੀ ਭਰਤੀ ਹੋਏ। ਉਹ ਸਾਲ 2007 ਵਿੱਚ ਸਬ-ਇੰਸਪੈਕਟਰ ਅਤੇ ਸਾਲ 2011 ਵਿੱਚ ਇੰਸਪੈਕਟਰ ਬਣੇ। ਉਹ ਪਿਛਲੇ ਕੁਝ ਸਮੇਂ ਤੋਂ ਛੱਤੀਸਗੜ੍ਹ ਵਿਖੇ ਸੇਵਾਵਾਂ ਨਿਭਾ ਰਹੇ ਸਨ ਅਤੇ ਪਿੰਡ ਸੁਕਮਾ, ਜ਼ਿਲ੍ਹਾ ਛੱਤੀਸਗੜ੍ਹ ਵਿਖੇ ਨਕਸਲੀਆਂ ਵੱਲੋਂ ਕੀਤੇ ਹਮਲੇ ਵਿੱਚ ਸ਼ਹੀਦ ਹੋ ਗਏ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖਸੀਅਤਾਂ ਦੇ ਪਦ ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਅਸੀਂ ਸਾਰੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਸ਼ਖਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣਗੇ।

ਹੁਣ ਮੈਂ, ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਮੋਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਨੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਲਈ ਮੋਨ ਧਾਰਨ ਕੀਤਾ।)

SHORT ADJOURNMENT OF THE HOUSE

ਮਾਨਯੋਗ ਸਪੀਕਰ : ਧੰਨਵਾਦ ਜੀ। ਹੁਣ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਨਮਾਨ ਵਜੋਂ ਸਦਨ ਦੀ ਕਾਰਵਾਈ ਸਥੱਗਿਤ ਕੀਤੀ ਜਾਂਦੀ ਹੈ ਅਤੇ ਸਦਨ ਅੱਜ 10.45 ਵਜੇ ਪੂਰਵ ਦੁਪਹਿਰ ਮੁੜ ਇਕੱਤਰ ਹੋਵੇਗਾ।

*10.10 ਵਜੇ ਸਵੇਰੇ (ਇਸ *ਸਮੇਂ ਸਦਨ 10.45 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

(ਸਦਨ 10.45 ਵਜੇ ਪੂਰਵ ਦੁਪਹਿਰ ਮੁੜ ਇਕੱਤਰ ਹੋਇਆ।)

ਸ਼੍ਰੀ ਐਨ.ਕੇ.ਸ਼ਰਮਾ : ਸਪੀਕਰ ਸਾਹਿਬ, ਜ਼ੀਰੋ ਆਵਰ ਜੀ।

ਮਾਨਯੋਗ ਸਪੀਕਰ : ਜ਼ੀਰੋ ਆਵਰ ਨਹੀਂ। ਤੁਸੀਂ ਬੈਠੋ ਜੀ, ਬੈਠੋ। ਤੁਹਾਡੀ ਗੱਲ ਅੱਗੇ ਸੁਣਾਂਗੇ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸ਼੍ਰੋਮਣੀ ਅਕਾਲੀ ਦਲ ਅਤੇ ਲੋਕ ਇਨਸਾਫ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀ ਸੀਟਾਂ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

ਮਾਨਯੋਗ ਸਪੀਕਰ: ਮੈਨੂੰ ਪਹਿਲਾਂ ਐਲਾਨ ਕਰ ਲੈਣ ਦਿਉ।(ਵਿਘਨ)(ਸ਼ੋਰ) ਕੀ ਤੁਸੀਂ ਮੇਰੀ ਗੱਲ ਸੁਣੋਗੇ? ਤੁਸੀਂ ਗੱਲ ਸੁਣੋਗੇ ਕਿ ਨਹੀਂ? ਮੈਂ ਤੁਹਾਨੂੰ ਇਹ ਕਹਿ ਰਿਹਾ ਹਾਂ ਕਿ ਮੈਨੂੰ ਪਹਿਲਾਂ ਐਲਾਨ ਕਰ ਲੈਣ ਦਿਉ। ਉਸ ਤੋਂ ਬਾਅਦ ਤੁਹਾਨੂੰ ਟਾਈਮ ਦਿਆਂਗੇ । ਫਿਰ ਤੁਸੀਂ ਆਪਣੀ ਗੱਲ ਕਰ ਲੈਣਾ।

ਸਰਦਾਰ ਸਿਮਰਜੀਤ ਸਿੰਘ ਬੈਂਸ : ਸਪੀਕਰ ਸਾਹਿਬ, ਇਨ੍ਹਾਂ ਨੂੰ (ਸ਼੍ਰੀ ਐਨ.ਕੇ.ਸ਼ਰਮਾ ਵੱਲ ਇਸ਼ਾਰਾ) ਬੋਲ ਲੈਣ ਦਿਉ ਜੀ।

ANNOUNCEMENTS BY THE SPEAKER REGARDING
(i) PANEL OF CHAIRMEN

ਮਾਨਯੋਗ ਸਪੀਕਰ: ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13 (1) ਅਧੀਨ ਮੈਂ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਦਾ ਹਾਂ:-

1. ਸਰਦਾਰ ਅਜਾਇਬ ਸਿੰਘ ਭੱਟੀ,
2. ਸਰਦਾਰ ਪਰਗਟ ਸਿੰਘ,
3. ਸ਼੍ਰੀ ਅਮਨ ਅਰੋੜਾ, ਅਤੇ
4. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ ।

(ii) LAYING OF GOVERNOR'S ADDRESS ON THE TABLE OF THE HOUSE

ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 18 ਦੀ ਪੈਰਵੀ ਵਿੱਚ ਮੈਂ ਆਪ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਰਾਜਪਾਲ ਜੀ ਨੇ ਸੰਵਿਧਾਨ ਦੇ ਅਨੁਛੇਦ 176(1) ਅਧੀਨ 28 ਮਾਰਚ, 2017 ਨੂੰ 11.00 ਵਜੇ ਪੂਰਵ ਦੁਪਹਿਰ ਪੰਜਾਬ ਵਿਧਾਨ ਸਭਾ ਨੂੰ ਭਾਸ਼ਣ ਦੇਣ ਦੀ ਕਿਰਪਾਲਤਾ ਕੀਤੀ ਹੈ।

ਭਾਸ਼ਣ ਦੀ ਇੱਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Address delivered by Shri V.P.Singh Badnore, His Excellency, The Governor of Punjab on 28th March, 2017 to the Members of the Punjab Vidhan Sabha.

Hon'ble Mr. Speaker and Hon'ble Members,

I extend my hearty welcome to you all to the 1st Session of the 15th Punjab Vidhan Sabha. The people of Punjab have shown exemplary vision, maturity and commitment during the recent elections and given to this government a historic mandate.(Thumping) The credit for the peaceful and impartial conduct of elections goes to the officers of the State administration, especially those in the field. I extend to the people of Punjab my great sense of gratitude as well as felicitations on their enthusiasm with which the democratic aspirations of the Punjabis have been expressed during the elections.

2. My government has been voted to power on the promise of providing the Punjabis freedom from VVIP culture in the administration, corruption and financial bankruptcy and to restore the Rule of Law in the State to regain the place of pride it once occupied as one of the fastest growing States in the country. It is to the achievement of this objective that the entire efforts of my government would remain focussed. I appeal to all Punjabis to join hands with the Government towards the fulfilment of this goal. Despite political differences, my Government will always solicit active support and cooperation from the Opposition Members for the achievement of these objectives.

[Mr. Speaker]

3. The State has in the recent past seen deterioration in the quality of governance with increased political interference in administration through Halqa Incharges, forcible occupation of Government and private businesses, both in transport and mining sectors. There has been discernible increase in deplorable cases of be-adbi of Sri Guru Granth Sahib Ji and the law and order issues emerging as a result thereof and also from the operations of gangsters in the State have not been fully resolved. The claims of governance reforms have also not been fully borne out of the plight of the common man, who has aspired and voted for a change in Government to achieve better quality of living.

4. My Government is fully committed to provide for genuine quality governance through long cherished reforms moving away from the pseudo reforms. It aims to re-engineer and simplify the processes to deliver services to the citizens in a rather easy and effective way with a greater focus on professionalism in governance. The Government shall revisit the Unified Service Delivery Centre, which are observed to be non-starters, to make amends and improve their quality and efficacy.

5. In keeping with these objectives and the assurances given during the elections to vastly improve Governance, my government has already taken several decisions. It has decided to establish a new Governance Reforms and Ethics Commission (GREC) in the State. It will consist of experienced professionals.

6. To lend a degree of probity to the conduct of persons in public life, my government has decided that all MLAs and MPs would declare the details of their immoveable properties on 1st January every year and for the year 2017-18, they would do so by 1 July 2017. The existing Punjab Lokpal Act shall be repealed and in its place, a new more comprehensive legislation, which would be applicable to all persons occupying high public offices including the Chief Minister, Ministers, non-officials and the officials / employees shall be enacted.

7. My government has resolved to restore the morale and confidence of our officers and other ranks at all levels through a transparent policy of postings, transfers and promotions, etc., solely based on their performances, merit and seniority. The State Department of Personnel would review all genuine grievances of the employees to ensure their timely redressal.

8. My Government remains committed to fulfil the promises to the people of the State to provide employment opportunities to the unemployed youth. It shall endeavour to provide Ghar Ghar Mein Naukri, a job per household in the State, in a time-bound manner. Employment Bureaus (EBs) shall be established in all districts of the State. These would be manned by qualified professionals and specialists including Employment Counsellors. They would carry out fresh surveys of both educated and uneducated unemployed in the State and prepare annual district employment plans, clearly setting targets for self and wage employment. Wage employment through skilled and unskilled jobs would be segregated for government and private sectors. Guidance and other facilities would also be provided for overseas education, training and employment. The Bureaus would pursue time-bound implementation of the district plans to achieve the stated goal to provide employment to at least one person per family. The work of the EBs would be overseen by a permanent Employment Commission in the State.

9. A Comprehensive job creation scheme, namely "Shaheed Bhagat Singh Employment Generation scheme" shall be launched which would include;

a) 'Apni Gaddi Apna Rozgar' ; One lac taxies and light commercial vehicles per annum would be provided to the unemployed youth. The State Government would stand guarantee and no collateral would be required for fresh loans, which they would be expected to repay in 5 years.

[Mr. Speaker]

b) 'Harra' (Green) Tractor Scheme (35 to 50 HP)' ; At least 25 thousand tractors along with other agricultural implements would be given every year at subsidized rates to the unemployed youth enabling them to start their own venture for agriculture services.

c) 'Yaari' Enterprises: Small Enterprises promoted by two or more young entrepreneurs, termed as Yaari Enterprises would be subsidized and incentivized to create employment for the youth. About one lakh such enterprises would be set up every year during the next five years.

10. My government shall give free Smart Mobile Phones to eligible youth in order to encourage and incentivize them to use digital technology in their day-to-day life.

11. Without a peaceful atmosphere, satisfactory law and order situation, peaceful co-existence and brotherhood amongst various communities, socio-economic development of the State neither be achieved nor sustained. My Government is committed to promote the spirit of brotherhood among the Punjabis and put down with a heavy hand, elements which pose any danger to public peace and order. A complete revamp of policing and the change in the attitude of law enforcing agencies would be necessary to achieve this task. To increase functional and operational efficiency, the territorial jurisdiction of police stations would be rationalised. My Government would provide effective policing for safeguarding the life, property and liberties of the citizens of the State through this restructuring and reorientation. The Police would follow a schedule of fixed duty hours except in the case of emergencies.

12. In order to restore and strengthen the regimen of Rule of Law in the State, my Government has decided to enact the following legislation for easy and quick delivery of justice:

a) NRI Property Safeguards Act – for safeguarding the property of NRIs ;

b) Cable Authority Act – No monopolisation or cartelisation would be allowed in cable TV networks and a Statewide Statutory Cable Authority would be constituted.

c) The Conflict of Interest Act- to ensure that MLAs / Ministers are unseated if found to have business/financial interests that conflict with their official capacity.

13. My Government has inherited an empty treasury, with a revenue deficit of Rs. 13484 crore and the fiscal deficit of Rs. 26801 crore. Punjab's financial position has been under stress for some time on account of ballooning salaries and wage bill of the employees, mounting debt burden, slow growth of revenue receipts as compared to the revenue expenditure and loss making Public Sector Undertakings (PSUs). Large borrowings coupled with lack of any concerted efforts to increase the revenue and control the expenditure has aggravated the financial stress. During the last five years, 2012-2017, the projections/ targets of State Excise and VAT revenue collections were never achieved.

14. During the last 10 years, the total debt of the State has increased from 48,344 crore in 2006-2007 to Rs.1,82,537 crore at the end of 2016-2017. The State Government during the years 2015-16 and 2016-17 borrowed Rs.15,632 crore on behalf of the Punjab State Power Corporation Ltd. (PSPCL) alone. In order to settle the gap in Cash Credit Limit (CCL) for food, the Government had agreed to a term loan of Rs.31,000 crore which has further burdened the State. Even the Atta Dal Scheme and the Urban and Rural Missions were undertaken by borrowing huge amount of money from commercial banks, mortgaging a large number of properties of the State. This mismanagement has saddled the Government with huge liabilities in terms of non-payment of arrears of dearness allowances, salaries and non-payment of old age and other pensions and non-payment of power subsidy to the Punjab State Power Corporation Ltd. Even scholarship payable to dalit and other poor students

[Mr. Speaker]

are outstanding.

15. My government shall forcefully take up the issue of term loan of Rs.31,000 crore with the Union Government to help the State. In addition, it shall establish an Expenditure Reforms Commission to examine all government expenditures to ensure prudence and efficiency in spending by various departments and other organisations funded by the government.

16. Financial crisis faced by the State has already taken its toll on the growth of the State's economy. The State once occupied a place of pride as one of the fastest growing States in the country. It is a matter of concern that in the last decade, its position is relegated amongst the slowest growing states.

17. I have dwelt upon the current financial position being faced by the State in some detail, highlighting the gravity of the problem and to share, through this august House, the true state of financial affairs of the State with the citizens of the State. My Government is fully committed to restore the financial position of the State and to once again put it on a high growth trajectory by vastly improving the quality of services being provided by accelerating the rate of growth and by affording quality employment opportunities, specially for the youth of the state. While doing so, it would be ensured that the weaker and deprived sections of society are not subjected to any additional burden. In other words, my Government is fully committed to undertake fiscal and other reforms with a human face.

18. My Government is fully conscious of the promises that were made to the people of the State in the recently concluded elections to this Vidhan Sabha and is fully committed to implement the same. It shall be a continuous process, rather than a one time affair. At the moment, my Government is trying to come to grips with the financial mess inherited by it from the previous Government, therefore, implementation of the

promises made to the people, would be fully reflected in the coming Budget, 2017.

19. Agriculture, the mainstay of the State's economy, needs immediate attention. Rising costs of production and adverse terms of trade have resulted in the impoverishment of the farmers, who are groaning under an unbearable burden of debt. It is sad to note that faced with economic distress, some of the farmers had to resort to the extreme step of taking their own life. My Government is committed to bring prosperity back to farmers. For this, it has already been decided to set-up a Group of Experts to assess and analyze agriculture debt of farmers and propose ways and means to waive the debt in a time bound manner. My government shall enact a new legislation to prohibit Kurki and 'Sale of farmers' land by the lending agencies. It has already decided to delete sections 67(a) of the Punjab State Cooperative Societies Act, 1948. A Punjab State Agricultural Insurance Corporation shall be set up to promote agriculture sector insurance schemes with seed capital from the Government.

20. My government would continue supply of Free Power to the Farmers. (Thumping)

21. My government shall rigorously pursue an Agricultural Sustainability Programme with a focus on:

(i) Free Regular Soil Health Testing;

(ii) Intelligent Irrigation System including Drip and Sprinkler Irrigation;

(iii) Farmers' Education and Skill Development through digital technology ;

(iv) Precision farming for small holdings ;

(v) Greater incentives on alternative crops including seeds, interest subvention and marketing support by establishing a Price Stabilization Fund and adopting deficiency pricing support systems;

(vi) Promotion of Next Generation Agriculture Extension Reforms; and

(vii) Use of solar energy for agriculture;

22. My Government will lay major emphasis on development of

[Mr. Speaker]
Horticulture in the State to encourage diversification away from rice-wheat cropping system. This will not only help in improving the sustainability of State Agriculture but will also contribute in improving the farmers income. The State will facilitate the development of required infrastructure as well as marketing of the produce both in the domestic and international markets. The multi-product juicing facilities created at Hoshiarpur and Abohar shall be modernized and strengthened to encourage processing of fruits and thereby enable the fruit growers to realize a better market price for their produce.

23. My government shall ensure that payments to the farmers would be defrayed through direct bank transfers excluding the government from purchase of any agricultural inputs. The Punjab Farmers Commission shall be reorganized and strengthened as a statutory body to provide for farmers rights and frame the State Agriculture Policy. The Commission would also be empowered for planning agriculture production. It would study and survey international markets to assess the export potential and national demand for different agriculture produce to aid and assist the Directorate of Agriculture in preparation of district and block level agriculture production plans according to local agro-climatic conditions.

24. My government shall establish an Agriculture Production Board (APB). The Board would be responsible for contract farming and would supervise and guide production process from seeding to post harvesting operations in tandem with Agriculture Production plans.

25. To ensure zero tolerance to youth falling prey to drugs, my government shall launch a vigorous campaign to educate young people and to treat and rehabilitate drug users with compassion. A new legislation "The Confiscation of Drug Dealers Property Act" shall be enacted. The State Police would take stringent action against drug dealers / peddlers to ensure that the use of drugs is obliterated from the State forthwith. My Government has decided to set up a Special Task Force in the office

of the Chief Minister for day-to-day monitoring of the measures taken to check supply and consumption of drugs in the state. The Task Force would prepare and implement a comprehensive programme to eliminate drugs from Punjab.

26. We are proud of the efforts of the Punjabis in imparting food security to the country. However, this has led to the depletion of the State's precious and scarce water and soil resources. The previous Government failed to protect the interest of Punjab in the distribution of river waters by not properly defending the legal cases. My Government remains fully committed to spare no efforts to get justice to the state of Punjab. It shall take all possible administrative and legal measures to defend the rights of the State.

27. My Government has decided to formulate and pursue a proposal for Canalization of major rivers of the state, Ravi, Beas and Sutlej and construction of high speed economic corridors on bunds (Dhusis) not only to secure livelihood of a large number of farmers but also to secure new possibilities of jobs and businesses for the local population.

28. Human resource remains the most precious capital of a nation. Despite a relatively high per capita income, the State of Punjab fares rather poorly on the human development index. A vast proportion of the population in our State remains deprived of quality education, health care and a conducive environment. Even though we possess good infrastructure in the education and health sectors in the form of a large number of schools, hospitals and dispensaries, the quality of these services continues to be poor, especially in the rural areas and the slums in the cities. Most of the funds provided for these two sectors are spent on payment of salaries and wages, leaving a little for bringing improvement in the quality of service. My Government proposes to initiate radical reforms in the education and health sectors and is committed to provide quality and affordable health and education services to the people. This will call for

[Mr. Speaker]
a complete change in the conventional approach to the provision of these services, which has been pursued so far, albeit without much gain. While the Government will continue to be responsible to provide these vital social goods to the people, new and innovative methods for delivering them would be envisioned and implemented. It has been decided to launch a Comprehensive Digital Education Programme in the State to improve access to quality School and Higher Education. My government shall provide free textbooks to all students in government schools. Further all school textbooks would be posted online, enabling the students/ parents to download the same free of any cost, subject to copyright laws. All Government Schools and Colleges would be provided Wi-Fi and Internet connectivity with adequate infrastructure and hardware.

29. My government has decided to establish Regulatory Authorities both for School Education and Higher Education in the State to supervise and regulate the functioning of the Private Schools, Private Colleges and Universities respectively.

30. Three academies on the lines of Maharaja Ranjit Singh Armed Forces Preparatory Academy shall be established in Malwa, Majha and Doaba regions. In addition, two more Sainik Schools (One each in Malwa and Majha) shall be set up. At least one degree college at each sub-division shall be set up in the State.

31. My Government shall establish a National Institute for Promotion and Development of Punjabi Language at Talwandi Sabo, Bathinda.

32. My Government shall establish referral mohalla clinics for every 1000 population, both in rural and urban areas. Each of these clinics would not only be manned adequately but would also be attached with a multi-specialty hospital for further follow up treatment. Doctors would be recruited regularly on an annual basis to ensure adequate availability of quality services in all government hospitals and dispensaries/clinics. Annual preventive health check-up for those above the age of 55 years

would be conducted across the State so as to screen them for diabetes, high blood pressure, heart disease, cancers etc., thus ensuring a disease-free population of the elderly and also to reduce their financial burden for the future.

33. My government shall formulate a new Industrial Policy of the State. The Policy would among other things aim to revive the existing Industrial units by resolving their problems. The new policy would also address all the issues and requirements of different industries such as textiles, yarn, hosiery, hand tools, light engineering, pharmaceuticals, cycles, garment making, sports goods, and paper, etc differently and effectively. It would further encourage Information Technology, Biotechnology and Pharmaceuticals and other sunrise industries and services to enhance economic growth and employment in the State.

34. My Government shall pursue all legal and administrative measures for decartelizing the mining of sand and stone / gravel in the State. The existing rules and policy for mining of minor minerals would be reviewed to achieve the objective of transparency in mining operations in the State. Illegal mining shall be checked at all costs, to ensure that not only the consumers get a fair deal, but also the legitimate revenues of the State are restored to it.

35. In pursuit of Government’s objective to improve governance at the grassroots, it has been decided to reach out to the distinguished ex-servicemen at local level. They would be trained and appointed as Guardians of Governance. They would oversee proper implementation of government schemes and programmes at village level. Their participation would ensure that government’s relief and assistance reaches the needy, and is not dissipated due to corruption and favouritism.

36. To repay a small debt of gratitude to our soldiers and ex-servicemen, my Government shall establish an ex-servicemen Cell in Chief Minister's office for immediate direct attention to complaints and welfare of ex-servicemen in the state.

[Mr. Speaker]

37. Power plays a vital role in the overall development and growth of the State's economy. Presently the generation capacity of the State is 13960 MW. My Government shall further make all out efforts to commission Shahpur Kandi Hydel Project and Mukerian-II Hydel Project to augment the generating capacity. My Government further remains committed to provide assured and uninterrupted power supply at affordable prices to all categories of the consumers.

38. The society owes a lot to our Freedom Fighters who are the pride of the State. My Government has decided to provide one house to every freedom fighter at the village or town where he/ she resides ordinarily. 300 units of Electricity would be made available free of cost every month to the freedom fighters. One out of turn tubewell connection would be sanctioned for the families of Freedom Fighters. They would also be exempted from payment of toll tax on the State highways.

39. Punjab remains a major beneficiary of foreign currency remittances. Therefore, my government attaches very high priority to the Welfare of NRIs. A special portal would be designed for NRIs to give their feedback. An Ombudsman would be appointed for NRIs to monitor the actions on their complaints. A special section would be set up in the Department of NRIs to deal with emigration and related issues, thus preventing the activities of Unauthorized Travel Agents.

40. My Government would set up Special Courts to clear the backlog and ensure speedier justice in the cases pertaining to: –

(a) Drug peddling and narcotics;

(b) Corruption in public life;

(c) NRIs; and

(d) Serving soldiers.

41. Civic infrastructure in the cities and towns of Punjab leaves much to be desired. My Government proposes to launch a massive programme for urban renewal, which will mainly focus on providing essential

infrastructure and cleaning up the cities and towns. Ludhiana, Amritsar and Jalandhar have been selected under the Smart City Mission Scheme of the Government of India. Amritsar has been selected as one of 12 cities in India for heritage development under 'HRIDAY Scheme' to be executed during the next four years. These schemes would be supplemented to achieve the all-round development of cities. (Thumping)

42. The infrastructure and sanitary conditions in the Punjab village are abysmal due to non-availability of potable drinking water, lack of drainage and generally insanitary conditions. My Government proposes to revive and update the Rural Development Schemes for providing essential amenities to the rural populace. My Government remains fully committed to ensure potable piped drinking water supply and durable arrangement of sanitation with a toilet to each and every rural household in the next two years.

43. An efficient and cost-effective transport sector is a pre-requisite for the economic development of the State. Wide-ranging reforms are long overdue to be undertaken in this sector. In keeping with the provisions of the Motor Vehicle Act, my Government proposes to assign increased role to the private sector in providing transport facilities to its citizens, with a view to increase self-employment of youth in this sector. Under the new policy, the transport sector shall be opened up and free and fair grant of licenses for buses, mini buses and other commercial vehicles shall be ensured in a transparent way. All illegal and ineligible permits would be cancelled.

44. The previous Government only did lip service to the welfare of the Scheduled Castes and Backward Classes. Most of the programmes launched in this behalf were either non-starters or inadequately funded. The provisions made under long standing schemes like construction and repair of Dharamshalas, scholarships and books to students and housing for Scheduled Castes and Backward Classes were not actually released.

[Mr. Speaker]

45. My Government proposes to reverse this trend and rededicate itself to the welfare of the Scheduled Castes and weaker Classes and other poverty-stricken sections of the state. Not only the programmes for their welfare would be adequately funded, but the concerted efforts would be made for integrated improvement of the dalit habitats in the cities and villages of the State. This would include improved housing, improved sanitary conditions and better infrastructure. (Thumping)

46. My Government is also committed to ensure adequate representation to the Scheduled Castes and Backward Classes in the services through strict enforcement of the national policy in this behalf. In addition, such facilities would be extended to ensure inclusion of the poor families belonging to Christians and Muslims. The Reservation Policy of the State for SCs would also be made applicable to the contractual / outsourced appointments.

47. My Government would ensure 30 per cent reservation for SCs in allotment of houses, residential plots and commercial plots by the State Government or any of its agencies/department. 30 per cent reservation would be made for SCs in leasing of land both residential, commercial or agriculture by the State Government or any agency or organization set up under any of the State Laws. Free built-up houses (living accommodation) or 5 Marla plots would be provided to all homeless SC/ OBC families with an annual income of less than Rs. 5 lacs. (Thumping)

48. My Government would also launch a new scheme 'Mukhmantri Awas Yojana' to provide free residential houses to houseless rural and urban poor. The reservation for OBCs in government jobs would be increased from the present 12 per cent to 15 per cent. The reservation for OBCs in educational institutions would be increased from the present 5 per cent to 10 per cent. The benefits under the schemes and programmes such as Ashirwaad, Housing for Houseless, Waiver of loan for self employment activities and reservation in educational institutions

would also be provided to Christians, Muslims and other minorities at par with other economically weaker sections in the State. Due representation would be given to Christians, Muslims and other minorities in all State Boards and Corporations. Suitable land would be allocated for burial grounds for Muslims and Christians.

49. My Government is fully conscious of the need to maintain gender balance and ensure women-empowerment. It has, to begin with, decided to provide 30% reservation for women in government jobs.(Thumping) Further, the reservation of seats for women in the Urban Local Bodies (ULBs) and the Panchayati Raj Institutions (PRIs) would be enhanced from 30% to 50%.

50. Punjab has historically been a premier sporting State in India. But of late, the achievements in sports have been on the decline. My government shall make concerted efforts to promote sports culture in the State. Sports Awards and incentives would be enhanced and disbursed to the beneficiaries annually.

51. My Government is committed to the welfare of employees and pensioners with special focus on senior citizens and would continue to take various ameliorative measures in this behalf. Senior Citizens will be given priority in dealings with all government offices. My Government will set up geriatric centres in all government District and Sub-divisional hospitals. The procedure for getting retirement benefits will be simplified.

52. My Government proposes to bring out a 'White Paper' on development, governance reforms and the financial position of the State, clearly apprising the common man of the present situation inherited by the Government.

53. In conclusion, I would like to congratulate the Honourable Members who have been elected to the 15th Vidhan Sabha and hope that they would uphold the glorious traditions established in this August House and the proceedings here will be driven by the sole objective of

[Mr. Speaker]

serving the people of the State. Different view points and approaches, which will surely be expressed in this august House, need not be construed as confrontation, for they are only a true expression of the spirit of healthy democracy. The Punjab belongs to us all, and so does this Government.

I wish a fruitful and constructive period ahead for all of you. (Thumping)

JAI HIND (Thumping)

ANNOUNCEMENT BY THE SECRETARY

ਮਾਨਯੋਗ ਸਪੀਕਰ : ਹੁਣ ਸਕੱਤਰ ਸਾਹਿਬ ਅਨਾਉਂਸਮੈਂਟ ਕਰਨਗੇ।

ਸਕੱਤਰ : ਮੈਂ 14ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ 13ਵੇਂ ਅਤੇ 15ਵੇਂ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦੀ ਹਾਂ:-

1. ਪੰਜਾਬ ਮੁੱਲ ਆਧਾਰਿਤ ਕਰ (ਸੋਧਨਾ) ਬਿਲ, 2016
2. ਪੰਜਾਬ ਸੇਵਾ ਦਾ ਅਧਿਕਾਰ (ਸੋਧਨਾ) ਬਿਲ, 2016
3. ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ (ਸੋਧਨਾ) ਬਿਲ, 2016
4. ਸੀ.ਟੀ.ਯੂਨੀਵਰਸਿਟੀ ਬਿਲ, 2016
5. ਪੰਜਾਬ ਤਦ-ਅਰਥ, ਠੇਕੇ ਤੇ, ਦਿਹਾੜੀ ਤੇ, ਆਰਜ਼ੀ, ਵਰਕ ਚਾਰਜਡ ਅਤੇ ਆਊਟ ਸੋਰਸਡ ਮੁਲਾਜ਼ਮਾਂ ਦੀ ਭਰਤੀ ਵੈਲਫੇਅਰ ਬਿਲ, 2016
6. ਪੰਜਾਬ ਗੈਰ-ਸਹਾਇਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਦੀ ਫੀਸ ਦਾ ਵਿਨਿਯਮਨ ਬਿਲ, 2016
7. ਪੰਜਾਬ ਸਕੂਲ ਸਿੱਖਿਆ ਬੋਰਡ (ਸੋਧਨਾ) ਬਿਲ, 2016
8. ਪੰਜਾਬ ਭਗਵਾਨ ਵਾਲਮੀਕ ਜੀ ਤੀਰਥ ਸਥਲ (ਰਾਮ ਤੀਰਥ) ਮੰਦਿਰ ਬੋਰਡ ਬਿਲ, 2016
9. ਪੰਜਾਬ ਰਾਜ ਇਸਤਰੀ ਕਮਿਸ਼ਨ (ਦੂਜੀ ਸੋਧਨਾ) ਬਿਲ, 2016
10. ਪੰਜਾਬ ਘੱਟ ਗਿਣਤੀਆਂ ਲਈ ਕਮਿਸ਼ਨ (ਤੀਜੀ ਸੋਧਨਾ) ਬਿਲ, 2016
11. ਪੰਜਾਬ ਰਾਜ ਸਰਕਾਰ ਦੀ ਜ਼ਮੀਨ ਅਲਾਟਮੈਂਟ ਬਿਲ, 2016

MATTERS RAISED DURING ZERO HOUR AND STATEMENT BY THE CHIEF MINISTER THEREON

ਮਾਨਯੋਗ ਸਪੀਕਰ: ਅਗਲੀ ਆਈਟਮ। ਸ਼੍ਰੀ ਐਨ.ਕੇ.ਸ਼ਰਮਾ ਜੀ ਹੁਣ ਦੱਸੋ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ?

ਸ਼੍ਰੀ ਐਨ.ਕੇ.ਸ਼ਰਮਾ : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਆਪਣੇ ਵੱਲੋਂ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਨ ਤੇ ਬਹੁਤ ਬਹੁਤ ਵਧਾਈ ਦਿੰਦਾ ਹਾਂ। ਇਨ੍ਹਾਂ ਤੇ ਅਕਾਲ ਪੁਰਖ ਵਾਹਿਗੁਰੂ ਦੀ ਬਹੁਤ ਵੱਡੀ ਬਖਸ਼ਿਸ਼ ਹੋਈ ਹੈ ਅਤੇ ਇਹ ਜ਼ਿੰਮੇਵਾਰੀ ਇਨ੍ਹਾਂ ਨੂੰ ਮਿਲੀ ਹੈ। (ਥੰਪਿੰਗ)

ਸਰਦਾਰ ਸਿਮਰਜੀਤ ਸਿੰਘ ਬੈਂਸ: **

ਮਾਨਯੋਗ ਸਪੀਕਰ : ਜੋ ਕੁਝ ਵੀ ਸਰਦਾਰ ਸਿਮਰਜੀਤ ਸਿੰਘ ਬੈਂਸ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

ਸ਼੍ਰੀ ਐਨ.ਕੇ.ਸ਼ਰਮਾ : ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਨੇ ਕੈਪਟਨ ਸਾਹਿਬ ਤੇ ਵਿਸ਼ਵਾਸ ਕਰਕੇ ਬਹੁਤ ਵੱਡਾ ਮੈਨਡੇਟ ਦਿੱਤਾ ਹੈ। ਇਹ ਚੋਣ ਕਾਂਗਰਸ ਪਾਰਟੀ ਦੇ ਨਾਮ ਤੇ ਨਹੀਂ ਸਗੋਂ ਕੈਪਟਨ ਸਾਹਿਬ ਦੇ ਨਾਂ ਤੇ ਲੜੀ ਗਈ ਸੀ। ਅੱਜ ਦੀ ਅਖਬਾਰ ਵਿੱਚ ਇੱਕ ਬਹੁਤ ਵੱਡੀ ਖਬਰ ਲੱਗੀ ਹੋਈ ਹੈ "Farmers get auction notices, want debt waiver expedited. Some bank officials told The Tribune that they had not been told to stop the recovery of debt from the farmers. Atleast 13 farmers have so far ended their life since January in Sangrur District." ਸਪੀਕਰ ਸਾਹਿਬ, ਜਿਹੜੀ ਇਹ ਚੋਣ ਲੜੀ ਗਈ ਹੈ, ਉਸ ਦਾ ਮੇਨ ਮੁੱਦਾ ਇਹ ਸੀ ਕਿ ਜਿਹੜਾ ਕਿਸਾਨਾਂ ਦਾ ਕਰਜ਼ਾ ਹੈ, ਉਸ ਨੂੰ ਮੁਆਫੀ ਦਿੱਤੀ ਜਾਏਗੀ। ਮੈਂ, ਸਾਡੇ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਸਾਹਿਬ ਜੀ...

ਮਾਨਯੋਗ ਸਪੀਕਰ : ਸ਼ਰਮਾ ਜੀ, ਤੁਸੀਂ ਦੋ ਮਿੰਟ ਵਿੱਚ ਆਪਣੀ ਗੱਲ ਖਤਮ ਕਰੋ ਜੀ।

ਸ਼੍ਰੀ ਐਨ.ਕੇ.ਸ਼ਰਮਾ : ਮੈਂ ਮੁੱਖ ਮੰਤਰੀ ਸਾਹਿਬ ਜੀ ਦਾ ਧੰਨਵਾਦ ਵੀ ਕਰਦਾ ਹਾਂ ਕਿ ਇਨ੍ਹਾਂ ਨੇ ਆਪਣੀ ਪਹਿਲੀ ਕੈਬਨਿਟ ਮੀਟਿੰਗ ਵਿੱਚ ਵੀ ਅਤੇ ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਵੀ ਸਪੈਸ਼ਲ ਤੌਰ ਤੇ ਇਸ ਦਾ ਜ਼ਿਕਰ ਕੀਤਾ ਹੈ। ਮੇਰੀ ਬੇਨਤੀ ਇਹ ਹੈ ਕਿ ਹੁਣ ਪਿਛਲੇ ਦਿਨਾਂ ਵਿੱਚ ਜਿਹੜੇ ਬੈਂਕ ਕਰਮਚਾਰੀ ਕਿਸਾਨਾਂ ਤੋਂ ਕਰਜ਼ਾ ਵਸੂਲੀ ਵਾਸਤੇ ਗਏ ਅਤੇ ਕੁਝ ਕਿਸਾਨਾਂ ਨਾਲ ਉਨ੍ਹਾਂ ਦੀ ਕੁੱਟਮਾਰ ਵੀ ਹੋਈ ਹੈ, ਇਹ ਖਬਰ ਅਖਬਾਰ ਦੇ ਫਸਟ ਪੇਜ਼ ਤੇ ਲੱਗੀ ਹੋਈ ਹੈ.....

ਮਾਨਯੋਗ ਸਪੀਕਰ : ਸ਼ਰਮਾ ਜੀ, ਤੁਹਾਡੀ ਗੱਲ ਆ ਗਈ ਹੈ। (ਵਿਘਨ) (ਸ਼ੋਰ) ਖਹਿਰਾ

** Not recorded as ordered by the Chair.

[ਮਾਨਯੋਗ ਸਪੀਕਰ]

ਸਾਹਿਬ, ਤੁਸੀਂ ਬੋਲੋ। ਸ਼ਰਮਾ ਜੀ, ਪਲੀਜ਼ ਤੁਸੀਂ ਬੈਠੋ। (ਵਿਘਨ) (ਸ਼ੋਰ) ਪਲੀਜ਼ ਹੁਣ ਤੁਸੀਂ ਬੈਠ ਜਾਉ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੇ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।) (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਢੀਂਡਸਾ ਸਾਹਿਬ, ਬੈਠੋ। (ਵਿਘਨ) (ਸ਼ੋਰ) ਸ਼ਰਮਾ ਜੀ, ਜੋ ਵੀ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। ਖਹਿਰਾ ਸਾਹਿਬ, ਤੁਸੀਂ ਬੋਲੋ।

ਸਰਦਾਰ ਸੁਖਪਾਲ ਸਿੰਘ ਖਹਿਰਾ: ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ.....(ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਪਲੀਜ਼, ਤੁਸੀਂ ਸਾਰੇ ਬੈਠੋ। (ਵਿਘਨ) (ਸ਼ੋਰ) ਇਨ੍ਹਾਂ ਨੂੰ ਆਪਣੀ ਗੱਲ ਕਹਿ ਲੈਣ ਦਿਉ।(ਵਿਘਨ) (ਸ਼ੋਰ) ਸ਼ਰਮਾ ਜੀ, ਤੁਸੀਂ ਆਪਣੀ ਗੱਲ ਕਹਿ ਲਈ ਹੈ। (ਵਿਘਨ) (ਸ਼ੋਰ) ਤੁਸੀਂ ਪਲੀਜ਼ ਬੈਠ ਜਾਉ।

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ, ਇਹ ਕਹਿ ਦੇਣ ਕਿ ਉਨ੍ਹਾਂ ਦੀ ਜਾਇਦਾਦ ਦੀ ਕੁਰਕੀ ਨਹੀਂ ਹੋਵੇਗੀ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾ ਕਿਹਾ ਜਾਂਦਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।(ਵਿਘਨ) (ਸ਼ੋਰ)

ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) : ਸਪੀਕਰ ਸਾਹਿਬ, ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਕਾਗਜ਼ ਚੁੱਕੀ ਫਿਰਦੇ ਹਨ, ਇਹ ਫੈਸਲਾ ਸਾਡੀ ਸਰਕਾਰ ਕਰ ਚੁੱਕੀ ਹੈ। ਅਸੀਂ ਆਪਣੀ ਪਹਿਲੀ ਕੈਬਨਿਟ ਮੀਟਿੰਗ ਵਿੱਚ ਪਾਸ ਕਰ ਦਿੱਤਾ ਹੈ that there should be no Kurki. ਕਿਸੇ ਕਿਸਾਨ ਦੀ ਜਾਇਦਾਦ ਤੇ ਕੋਈ ਕੁਰਕੀ ਨਹੀਂ ਲੱਗੇਗੀ (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) and I don't know ਕਿ ਇਹ ਕਿਹੜਾ ਅਖਬਾਰ ਚੁੱਕੀ ਫਿਰਦੇ ਹਨ। This is the reality. (ਵਿਘਨ) (ਸ਼ੋਰ) ਅਗਰ ਕਿਸੇ ਬੈਂਕ ਕੋਲ ਇਨਫਰਮੇਸ਼ਨ ਨਹੀਂ ਪਹੁੰਚੀ, we will check the same. (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਪਲੀਜ਼ ਬੈਠੋ। (ਵਿਘਨ) (ਸ਼ੋਰ) ਤੁਹਾਡੀ ਗੱਲ ਦਾ ਜਵਾਬ ਆ ਗਿਆ ਹੈ।

ਸਰਦਾਰ ਬਿਕਰਮ ਸਿੰਘ ਮਜੀਠੀਆ : ਮੈਂ ਸੀ.ਐਮ. ਸਾਹਿਬ ਦਾ ਧੰਨਵਾਦੀ ਹਾਂ... (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਖਹਿਰਾ ਸਾਹਿਬ, ਇਨ੍ਹਾਂ ਨੂੰ ਧੰਨਵਾਦ ਕਰ ਲੈਣ ਦਿਉ।(ਵਿਘਨ) (ਸ਼ੋਰ)

ਸਰਦਾਰ ਬਿਕਰਮ ਸਿੰਘ ਮਜੀਠੀਆ : ਤੁਹਾਡੀ ਕੈਬਨਿਟ ਦਾ ਫੈਸਲਾ ਬੜਾ ਚੰਗਾ ਹੈ। (ਇਸ ਸਮੇਂ ਆਮ ਆਦਮੀ ਪਾਰਟੀ ਦੇ ਮਾਨਯੋਗ ਮੈਂਬਰ, ਸਰਦਾਰ ਸੁਖਪਾਲ ਸਿੰਘ

ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਖਹਿਰਾ ਸਾਹਿਬ, ਇਨ੍ਹਾਂ ਨੂੰ ਧੰਨਵਾਦ ਕਰ ਲੈਣ ਦਿਉ।

ਸਰਦਾਰ ਬਿਕਰਮ ਸਿੰਘ ਮਜੀਠੀਆ : ਇਸ ਖਬਰ ਬਾਰੇ ਆਫੀਸ਼ੀਅਲ ਆਇਆ ਹੈ ਕਿ they have not received any order from the government. ਜੇ ਸਰਕਾਰ ਨੇ ਇਹ ਫੈਸਲਾ ਕਰ ਲਿਆ ਹੈ ਤਾਂ ਇਹ ਗੱਲ ਬੈਂਕਾਂ ਤੱਕ ਪਹੁੰਚਣੀ ਚਾਹੀਦੀ ਹੈ ਤਾਂ ਕਿ ਕਿਸਾਨਾਂ ਦੀ ਜਾਇਦਾਦ ਦੀ ਕੁਰਕੀ ਨਾ ਹੋਵੇ। ਅਸੀਂ ਤਾਂ ਤੁਹਾਡਾ ਧੰਨਵਾਦ ਕਰਦੇ ਹਾਂ।

ਮਾਨਯੋਗ ਸਪੀਕਰ : ਮਜੀਠੀਆ ਸਾਹਿਬ, ਤੁਹਾਡੀ ਗੱਲ ਹੋ ਗਈ ਹੈ। ਪਲੀਜ਼ ਬੈਠੋ। (ਵਿਘਨ) (ਸ਼ੋਰ) ਹਾਂ ਜੀ, ਖਹਿਰਾ ਸਾਹਿਬ।

ਸਰਦਾਰ ਸੁਖਪਾਲ ਸਿੰਘ ਖਹਿਰਾ : ਸਪੀਕਰ ਸਾਹਿਬ, ਮੈਂ ਤੁਹਾਡਾ ਰਿਣੀ ਹਾਂ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਇੱਕ ਅਹਿਮ ਮਸਲਾ ਉਠਾਉਣ ਦੀ ਇਜਾਜ਼ਤ ਦਿੱਤੀ ਹੈ...

(ਇਸ ਸਮੇਂ ਸਥਾਨਕ ਸਰਕਾਰ ਮੰਤਰੀ, ਸਰਦਾਰ ਨਵਜੋਤ ਸਿੰਘ ਸਿੱਧੂ ਬੋਲਣ ਲਈ ਸਮਾਂ ਮੰਗ ਰਹੇ ਸਨ।)

ਮਾਨਯੋਗ ਸਪੀਕਰ : ਸਿੱਧੂ ਸਾਹਿਬ, ਤੁਸੀਂ ਬਾਅਦ ਵਿੱਚ ਬੋਲ ਲੈਣਾ।

ਸਰਦਾਰ ਸੁਖਪਾਲ ਸਿੰਘ ਖਹਿਰਾ : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਆਲੂ ਗਰੋਅਰ ਕਿਸਾਨ ਹਨ, ਅੱਜ ਉਹ ਬਹੁਤ ਨਾਜ਼ੁਕ ਹਾਲਾਤ ਵਿੱਚੋਂ ਗੁਜ਼ਰ ਰਹੇ ਹਨ। ਪੰਜਾਬ ਵਿੱਚ ਆਲੂ 2/- ਰੁਪਏ ਕਿਲੋ ਵਿਕ ਰਿਹਾ ਹੈ and the only market available to potato growers for marketing of their produce is down south India. ਗੁਜਰਾਤ ਵਰਗੀਆਂ ਸਟੇਟਾਂ, ਮੱਧ ਪ੍ਰਦੇਸ਼, ਸੈਂਟਰਲ ਇੰਡੀਆ, ਵੈਸਟ ਬੰਗਾਲ, ਆਪਣੇ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਾਸਤੇ ਟਰਾਂਸਪੋਰਟੇਸ਼ਨ ਦੀ ਸਬਸਿਡੀ ਦੇ ਰਹੇ ਹਨ। ਆਪਾਂ ਹਾਲੇ ਹੋਰ ਤਾਂ ਕੁਝ ਨਹੀਂ ਕਰ ਸਕਦੇ, I will be very grateful ਅਗਰ ਤੁਸੀਂ ਪੰਜਾਬ ਦੇ ਆਲੂ ਗਰੋਅਰਜ਼ ਕਿਸਾਨਾਂ ਨੂੰ ਚਾਹੇ ਟਰੇਨ ਵੈਗਨਜ਼ ਵਿੱਚ, ਚਾਹੇ ਟਰਾਂਸਪੋਰਟ ਟਰੱਕਾਂ ਵਿੱਚ ਆਪਣੀ ਜਿਣਸ ਵੇਚਣ ਲਈ ਟਰਾਂਸਪੋਰਟੇਸ਼ਨ ਦੀ ਸਬਸਿਡੀ ਦੇ ਦਿਉਗੇ ਤਾਂ ਮੈਂ ਸਮਝਾਂਗਾ ਕਿ ਇਹ ਬਹੁਤ ਚੰਗਾ ਹੋਵੇਗਾ.....

ਮਾਨਯੋਗ ਸਪੀਕਰ : ਖਹਿਰਾ ਸਾਹਿਬ, ਤੁਹਾਡੀ ਗੱਲ ਆ ਗਈ ਹੈ।

ਸਰਦਾਰ ਸੁਖਪਾਲ ਸਿੰਘ ਖਹਿਰਾ : ਸਪੀਕਰ ਸਾਹਿਬ, ਇਸ ਬਾਰੇ ਅਗਰ ਇਹ ਐਸ਼ੋਰੈਂਸ ਵੀ ਦੇ ਦਿੰਦੇ ਤਾਂ ਚੰਗੀ ਗੱਲ ਹੈ।

ਮਾਨਯੋਗ ਸਪੀਕਰ : ਪਲੀਜ਼ ਬੈਠੋ।ਹਾਂ ਜੀ, ਢੀਂਡਸਾ ਸਾਹਿਬ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਮਾਨਯੋਗ ਸਪੀਕਰ, ਮੈਂ ਇੱਕ ਬਹੁਤ ਅਹਿਮ ਮਸਲਾ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਚਿੱਠੀ ਵਿੱਤ ਵਿਭਾਗ ਵੱਲੋਂ ਕੱਢੀ ਗਈ ਹੈ। ਉਨ੍ਹਾਂ ਨੇ ਕੈਬਨਿਟ ਦੇ 18 ਤਾਰੀਖ ਦੇ ਫੈਸਲੇ ਦਾ

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਹਵਾਲਾ ਦਿੰਦੇ ਹੋਏ ਇਹ ਚਿੱਠੀ ਵੱਖ-ਵੱਖ ਮਹਿਕਮਿਆਂ ਨੂੰ ਕੱਢੀ ਹੈ ਅਤੇ ਕਿਹਾ ਹੈ ਕਿ ਇੱਕ ਤਾਂ ਕੋਈ ਵੀ ਨਵਾਂ ਕੰਮ ਸ਼ੁਰੂ ਨਾ ਕੀਤਾ ਜਾਵੇ। ਦੂਸਰਾ ਕਿਹਾ ਹੈ ਕਿ ਮਨਜ਼ੂਰ ਹੋਏ ਕੰਮਾਂ ਵਿੱਚ ਨਵਾਂ ਟੈਂਡਰ ਨਾ ਲਾਇਆ ਜਾਵੇ। ਜੇਕਰ ਟੈਂਡਰ ਲਗਾ ਦਿੱਤਾ ਗਿਆ ਹੈ ਤਾਂ ਖੋਲ੍ਹੇ ਨਾ ਜਾਣ। ਬਾਕੀ ਰਹਿੰਦੇ ਸਾਰੇ ਕੰਮਾਂ ਲਈ ਕੰਪੀਟੈਂਟ ਅਥਾਰਟੀ ਤੋਂ ਦੁਬਾਰਾ ਮਨਜ਼ੂਰੀ ਲਈ ਜਾਵੇ। ਮਤਲਬ ਜਿਹੜੇ ਕੰਮ ਮਨਜ਼ੂਰ ਹੋ ਵੀ ਗਏ ਹਨ....

ਮਾਨਯੋਗ ਸਪੀਕਰ : ਤੁਸੀਂ ਇਹ ਗੱਲ ਸਪਲੀਮੈਂਟਰੀ ਗਰਾਂਟਸ ਤੇ ਕਹਿ ਲੈਣਾ। (ਵਿਘਨ) (ਸ਼ੋਰ) ਢੀਂਡਸਾ ਸਾਹਿਬ, ਤੁਹਾਨੂੰ ਮੌਕਾ ਮਿਲੇਗਾ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸਪੀਕਰ ਸਾਹਿਬ, ਇੱਕ ਮਿੰਟ ਹੀ ਲੱਗੇਗਾ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਢੀਂਡਸਾ ਸਾਹਿਬ, ਬੈਠ ਜਾਉ, ਤੁਹਾਡੀ ਗੱਲ ਆ ਗਈ ਹੈ। (ਵਿਘਨ) (ਸ਼ੋਰ)

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਮੇਰੀ ਇੱਕ ਗੱਲ ਤਾਂ ਸੁਣ ਲਉ।

ਮਾਨਯੋਗ ਸਪੀਕਰ : ਤੁਹਾਡੀ ਗੱਲ ਆ ਗਈ ਹੈ। ਤੁਸੀਂ ਸਪਲੀਮੈਂਟਰੀ ਡਿਮਾਂਡਜ਼ ਉਤੇ ਕਹਿ ਲੈਣਾ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਇੱਕ ਮਿੰਟ ਹੀ ਲੱਗੇਗਾ। ਮੇਰੀ ਰਿਕੁਐਸਟ ਹੈ। ਮੇਰੀ ਬੇਨਤੀ ਹੈ ਕਿ ਜਿਹੜੇ ਤਾਂ ਸਰਕਾਰ ਦੇ ਮਹਿਕਮੇ ਹਨ, ਉਨ੍ਹਾਂ ਵਿੱਚ ਫੰਡ ਨਾ ਰਹਿਣ, ਇਹ ਇਨ੍ਹਾਂ ਦੀ ਮਰਜ਼ੀ ਹੈ, ਸਰਕਾਰ ਦਾ ਅਧਿਕਾਰ ਹੈ। ਪਰ ਜਿਹੜੀਆਂ ਲੋਕਲ ਸੈਲਫ ਗੌਰਮਿੰਟਜ਼ ਹਨ, ਪੰਚਾਇਤਾਂ ਹਨ, ਮਿਉਂਸਿਪਲ ਕਮੇਟੀਆਂ ਹਨ, ਉਨ੍ਹਾਂ ਦੇ ਆਪਣੇ ਅਧਿਕਾਰ ਹਨ, ਉਨ੍ਹਾਂ ਤੋਂ ਪੈਸੇ ਲੈਣਾ ਬਿਲਕੁਲ ਗੈਰ-ਸੰਵਿਧਾਨਿਕ ਹੈ।

ਮਾਨਯੋਗ ਸਪੀਕਰ : ਢੀਂਡਸਾ ਜੀ, ਤੁਹਾਡੀ ਗੱਲ ਆ ਗਈ ਹੈ।ਤੁਸੀਂ ਬੈਠੋ। ਹਾਂ ਜੀ, ਸਿੱਧੂ ਸਾਹਿਬ।

ਸਥਾਨਕ ਸਰਕਾਰ ਮੰਤਰੀ : ਮਾਨਯੋਗ ਸਪੀਕਰ ਸਾਹਿਬ, ਸ਼ਰਮਾ ਜੀ ਨੇ ਕੈਪਟਨ ਸਾਹਿਬ ਦੀ ਪ੍ਰਸ਼ੰਸਾ ਕੀਤੀ ਹੈ, ਮੈਂ ਧੰਨਵਾਦ ਕਰਦਾ ਹਾਂ। ਉਨ੍ਹਾਂ ਨੇ ਨਾਲ ਹੀ ਇਹ ਵੀ ਕਿਹਾ ਹੈ ਕਿ 13 ਜਨਵਰੀ ਤੋਂ ਲੈ ਕੇ ਇੰਨੇ ਸੁਸਾਈਡ ਹੋਏ ਪਰ 13 ਜਨਵਰੀ ਨੂੰ ਤੁਹਾਡੀ ਸਰਕਾਰ ਸੀ, ਉਸ ਤੋਂ ਪਹਿਲਾਂ ਵੀ 10 ਸਾਲ ਤੁਹਾਡੀ ਸਰਕਾਰ ਸੀ ਤੇ 6 ਮਹੀਨੇ ਵਿੱਚ ਤਾਂ ਕੁੰਭਕਰਨ ਵੀ ਜਾਗ ਜਾਂਦਾ ਹੈ ਤੇ ਤੁਸੀਂ 10 ਸਾਲ ਸੁੱਤੇ ਹੀ ਪਏ ਸੀ? ਕੀ ਕੀਤਾ ਹੈ ਤੁਸੀਂ? (ਥੰਪਿੰਗ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਬਿਨਾਂ ਆਗਿਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ।)

ਮਾਨਯੋਗ ਸਪੀਕਰ : ਪਲੀਜ਼, ਬੈਠੋ, ਬੈਠੋ। ਮਜੀਠੀਆ ਸਾਹਿਬ ਬੈਠੋ। ਅਮਨ ਅਰੋੜਾ ਜੀ, ਤੁਸੀਂ ਬੋਲੋ।

ਸਥਾਨਕ ਸਰਕਾਰ ਮੰਤਰੀ : ਸਾਡੀ ਗੌਰਮਿੰਟ ਨੇ ** ਨਹੀਂ ਵੇਚਿਆ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਬਿਨਾਂ ਆਗਿਆ ਆਪਣੀ ਸੀਟ ਤੇ ਖੜ੍ਹੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਸਥਾਨਕ ਸਰਕਾਰ ਮੰਤਰੀ : ਤੁਸੀਂ 10 ਸਾਲ ਸੁੱਤੇ ਪਏ ਸੀ? ਸਾਰੇ ਅਧਿਕਾਰ ਤੁਹਾਡੇ ਕੋਲ ਸੀ। (ਵਿਘਨ)

ਮਾਨਯੋਗ ਸਪੀਕਰ : ਟੀਨੂ ਜੀ, ਮਜੀਠੀਆ ਸਾਹਿਬ ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਕ੍ਰਿਪਾ ਕਰਕੇ ਚੇਅਰ ਨੂੰ ਐਡਰੈਸ ਕਰੋ।

ਸਥਾਨਕ ਸਰਕਾਰ ਮੰਤਰੀ : ਸਾਡੇ ਪੱਲੇ ਤਾਂ ਇਮਾਨਦਾਰੀ ਹੈ.. (ਵਿਘਨ) (ਸ਼ੋਰ)

ਮਾਨਯੋਗ ਸਪੀਕਰ: ਸਿੱਧੂ ਸਾਹਿਬ, ਪਲੀਜ਼ ਚੇਅਰ ਨੂੰ ਐਡਰੈਸ ਕਰੋ। ਪਲੀਜ਼ ਤੁਸੀਂ ਸਾਰੇ ਚੇਅਰ ਨੂੰ ਐਡਰੈਸ ਕਰੋ। ਸਿੱਧੀ ਗੱਲ ਨਾ ਕਰੋ, ਐਸਾ ਨਾ ਕਰੋ। Just wait, just wait.

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਬਿਨਾਂ ਆਗਿਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

Mr. Speaker: Please, please.

ਸਥਾਨਕ ਸਰਕਾਰ ਮੰਤਰੀ : **

ਮਾਨਯੋਗ ਸਪੀਕਰ : ਮਜੀਠੀਆ ਸਾਹਿਬ, ਮਜੀਠੀਆ ਸਾਹਿਬ ਐਸਾ ਨਾ ਕਰੋ। ਪਲੀਜ਼ ਬੈਠੋ ਹੁਣ।

ਸਥਾਨਕ ਸਰਕਾਰ ਮੰਤਰੀ : ਕੈਪਟਨ ਸਾਹਿਬ ਨੇ ਤਾਂ ਤੁਹਾਡੀ ਤਾਰੀਫ ਬੜੀ ਵਧੀਆ ਕੀਤੀ ਹੈ, ਮਿੱਤਰਾ।

ਮਾਨਯੋਗ ਸਪੀਕਰ : ਇੱਕ ਮਿੰਟ ਪਲੀਜ਼। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਬੋਲਿਆ ਜਾਂਦਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਹਾਂ ਜੀ, ਅਮਨ ਅਰੋੜਾ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਬਿਨਾਂ ਆਗਿਆ ** ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

ਮਾਨਯੋਗ ਸਪੀਕਰ: ਤੁਸੀਂ ਬੋਲੋਗੇ। Just wait.

ਸ਼੍ਰੀ ਅਮਨ ਅਰੋੜਾ : ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ

** Not recorded/Expunged as ordered by the Chair.

[ਸ਼੍ਰੀ ਅਮਨ ਅਰੋੜਾ]
ਬੋਲਣ ਦਾ ਮੌਕਾ ਦਿੱਤਾ ਹੈ। ਇਹ **ਦੀਆਂ ਗੱਲਾਂ ਤਾਂ ਬਾਅਦ ਵਿੱਚ ਕਰਦੇ ਰਹਿਣਗੇ ਪਰ ਮੈਂ ਇੱਕ ਬੜਾ ਇੰਪਾਰਟੈਂਟ ਇਸ਼ੂ ਜੋ ਹਿਊਮੈਨੇਟੇਰੀਅਨ ਗਰਾਊਂਡ ਨਾਲ ਸਬੰਧਤ ਹੈ ਉਹ ਇਸ ਪਵਿੱਤਰ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹਾਂਗਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਵੈਸੇ ਤਾਂ ਅਕਾਲੀ ਤੇ ਕਾਂਗਰਸੀਆਂ ਦੇ ਇਲਾਕਿਆਂ ਵਿੱਚ ਹੀ 10-10 ਸਾਲਾਂ ਦੇ ਵਾਟਰ ਵਰਕਸ ਦੇ ਬਿਜਲੀ ਦੇ ਬਿੱਲ ਪੈਂਡਿੰਗ ਪਏ ਸਨ ਪਰ ਪਿਛਲੇ ਦਿਨਾਂ ਵਿੱਚ ਜਦੋਂ ਵੋਟਿੰਗ ਹੋ ਚੁੱਕੀ ਸੀ ਉਦੋਂ ਅਖਬਾਰਾਂ ਵਿੱਚ ਬੜਾ ਆਇਆ ਕਿ ਪੀ.ਐਸ.ਪੀ.ਸੀ.ਐਲ ਨੇ ਉਹ ਬਿੱਲ ਇਲੈਕਸ਼ਨ ਡੇਅ ਤੱਕ ਪੈਂਡਿੰਗ ਰੱਖੇ ਪਰ ਬਾਅਦ ਵਿੱਚ ਕੁਨੈਕਸ਼ਨ ਕੱਟਣੇ ਸ਼ੁਰੂ ਕਰ ਦਿੱਤੇ ਪਰ ਉਸ ਦੀ ਬਹੁਤ ਵੱਡੀ ਮਾਰ ਪੂਰੇ ਪੰਜਾਬ ਦੇ ਲੋਕਾਂ ਨੂੰ ਪੈ ਗਈ। ਉਨ੍ਹਾਂ ਨੇ ਪਿੰਡਾਂ ਵਿੱਚ ਪਾਣੀ ਦੀ ਸਪਲਾਈ ਲਈ ਵਾਟਰ ਵਰਕਸ ਦੇ ਬਿਜਲੀ ਦੇ ਕੁਨੈਕਸ਼ਨ ਵੀ ਡਿਸਕੁਨੈਕਟ ਕਰ ਦਿੱਤੇ ਹਨ।

ਮਾਨਯੋਗ ਸਪੀਕਰ : ਇਹ ਤੁਸੀਂ ਸਪਲੀਮੈਂਟਰੀ ਗਰਾਂਟਸ ਤੇ ਕਹਿ ਲੈਣਾ। ਤੁਸੀਂ ਉਦੋਂ ਕਹਿ ਸਕਦੇ ਹੋ।

ਸ਼੍ਰੀ ਅਮਨ ਅਰੋੜਾ : ਸਰ, ਮੇਰੀ ਸਿਰਫ ਇੱਕ ਬੇਨਤੀ ਹੈ ਕਿ ਜਦੋਂ ਤੱਕ ਸਰਕਾਰ ਕੋਈ ਪੱਕਾ ਫੈਸਲਾ ਨਹੀਂ ਕਰਦੀ ਉਦੋਂ ਤੱਕ ਵਾਟਰ ਵਰਕਸ ਦੇ ਬਿਜਲੀ ਦੇ ਕੁਨੈਕਸ਼ਨ ਰਿਸਟੋਰ ਕਰ ਦਿੱਤੇ ਜਾਣ।

ਮਾਨਯੋਗ ਸਪੀਕਰ: ਇਹ ਗੱਲ ਤੁਸੀਂ ਬਾਅਦ ਵਿੱਚ ਕਹਿ ਸਕਦੇ ਹੋ। ਹਾਂ ਜੀ, ਰੰਧਾਵਾ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਦੇ ਮੈਂਬਰ, ਸਰਦਾਰ ਗੁਰਕੀਰਤ ਸਿੰਘ ਕੋਟਲੀ ਅਤੇ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਰੰਧਾਵਾ ਜੀ, ਤੁਸੀਂ ਬੋਲੋ। ਪਲੀਜ਼, ਕੋਟਲੀ ਸਾਹਿਬ ਤੁਸੀਂ ਬੈਠੋ।

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ : ਸਪੀਕਰ ਸਾਹਿਬ, ਢੀਂਡਸਾ ਸਾਹਿਬ ਨੇ ਕਿਹਾ ਕਿ ਗੌਰਮਿੰਟ ਨੇ ਪੈਸੇ ਵਾਪਸ ਮੰਗਵਾ ਲਏ । ਮੈਂ ਮੁੱਖ ਮੰਤਰੀ ਸਾਹਿਬ ਨੂੰ ਅਪੀਲ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਪੈਸੇ ਵਾਪਸ ਮੰਗਵਾਏ ਹਨ, ਇਨ੍ਹਾਂ ਦੀ ਗੌਰਮਿੰਟ ਨੇ ਪੰਚਾਇਤਾਂ ਕੋਲੋਂ ਫੋਰਸਿਬਲੀ ਲਿਖਵਾਇਆ ਕਿ ਸਾਡੇ ਕੋਲੋਂ ਕੰਮ ਨਾ ਕਰਵਾਏ ਜਾਣ। ਉਹ ਪੈਸੇ ਪੀ.ਡਬਲਿਊ.ਡੀ ਔਰ ਮੰਡੀ ਬੋਰਡ ਨੂੰ ਦਿੱਤੇ ਗਏ ਹਨ। ਪੰਚਾਇਤਾਂ ਦੀ ਜਿਹੜੀ ਗੱਲ ਕੀਤੀ ਹੈ, ਇਨ੍ਹਾਂ ਨੇ ਆਪ ਹੀ ਪੰਚਾਇਤਾਂ ਕੋਲੋਂ ਕੰਮ ਖੋਹਿਆ ਹੈ ਔਰ ਦੂਸਰਾ ਇਨ੍ਹਾਂ ਨੇ ਚੋਰ ਦਰਵਾਜ਼ੇ ਰਾਹੀਂ.. (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮਾਨਯੋਗ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਬਿਨਾਂ ਆਗਿਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

** Expunged as ordered by the Hon'ble Speaker.

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ : ਬੈਠ ਜਾਉ, ਬੈਠ ਜਾਉ ਹੁਣ। ਤੁਸੀਂ ਸੁਣੋ ਤਾਂ ਸਹੀ।

ਮਾਨਯੋਗ ਸਪੀਕਰ : ਰੰਧਾਵਾ ਜੀ, ਤੁਹਾਡੀ ਗੱਲ ਆ ਗਈ ਹੈ। Please sit down now. (ਵਿਘਨ) (ਸ਼ੋਰ) ਢੀਂਡਸਾ ਸਾਹਿਬ, ਤੁਸੀਂ ਇਸ ਤਰ੍ਹਾਂ ਨਾ ਕਰੋ, ਪਲੀਜ਼ ਤੁਸੀਂ ਬੈਠੋ। Please address the Chair. ਮਜੀਠੀਆ ਸਾਹਿਬ, ਤੁਸੀਂ ਬੈਠੋ।(ਵਿਘਨ) (ਸ਼ੋਰ) ਹਾਂ ਜੀ, ਸ਼੍ਰੀ ਸੋਮ ਪ੍ਰਕਾਸ਼ ਜੀ ।

ਸ਼੍ਰੀ ਸੋਮ ਪ੍ਰਕਾਸ਼ : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਪਹਿਲੇ ਦਿਨ ਕਿਹਾ ਸੀ ਕਿ ਹਾਊਸ ਦੀ ਮਰਿਯਾਦਾ ਅਤੇ ਚੰਗੀਆਂ ਟਰੈਡੀਸ਼ਨਜ਼ ਸੈੱਟ ਕਰਨੀਆਂ ਪੈਣਗੀਆਂ। ਪਰ ਜੋ ਅੱਜ ਹੋ ਰਿਹਾ ਹੈ ਅਤੇ ਜਿਸ ਤਰ੍ਹਾਂ ਅੱਜ ਅਸੀਂ ਇਕ ਦੂਜੇ ਤੇ ਦੂਸ਼ਣਬਾਜ਼ੀ ਕਰ ਰਹੇ ਹਾਂ, ਉਹ ਚੰਗਾ ਨਹੀਂ ਹੈ। ਇਹ ਚੰਗਾ ਹੋਵੇਗਾ ਕਿ ਸਾਰੇ ਮੈਂਬਰ ਸਾਹਿਬਾਨ, ਇਥੋਂ ਤੱਕ ਕਿ ਕਈ ਮੰਤਰੀ ਸਾਹਿਬਾਨ ਵੀ ਤੂੰ-ਤੂੰ ਕਰਕੇ ਗੱਲਾਂ ਕਰ ਰਹੇ ਹਨ... (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਪਲੀਜ਼, ਉਨ੍ਹਾਂ ਨੂੰ ਬੋਲਣ ਦਿਉ। ਕਿਰਪਾ ਕਰਕੇ ਚੇਅਰ ਨੂੰ ਐਡਰੈਸ ਕਰੋ।

ਸ਼੍ਰੀ ਸੋਮ ਪ੍ਰਕਾਸ਼ : ਸਪੀਕਰ ਸਾਹਿਬ, ਮੈਂ ਤੁਹਾਨੂੰ ਐਡਰੈਸ ਕਰ ਰਿਹਾ ਹਾਂ। ਮੁੱਖ ਮੰਤਰੀ ਸਾਹਿਬ ਨੇ ਕਈ ਬਹੁਤ ਚੰਗੇ ਫੈਸਲੇ ਲਏ ਹਨ, ਮੈਂ ਇਨ੍ਹਾਂ ਨੂੰ ਵਧਾਈ ਵੀ ਦਿੰਦਾ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਕ ਜਿਹੜੀ ਇਨ੍ਹਾਂ ਨੇ ਗੱਲ ਕਹੀ ਹੈ ਕਿ ਹਲਕਾ ਇੰਚਾਰਜ ਦੀ ਪ੍ਰਥਾ ਰਾਜ ਪ੍ਰਬੰਧ ਵਿਚ ਬੜੀ ਗਿਰਾਵਟ ਲਿਆ ਰਹੀ ਸੀ, ਅਸੀਂ ਉਹ ਬੰਦ ਕਰ ਦਿੱਤੀ ਹੈ। (ਵਿਘਨ) ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਕੇਵਲ ਗੱਲਾਂ ਤੱਕ ਸੀਮਤ ਨਾ ਰਹੇ ਬਲਕਿ ਫੀਲਡ ਤੱਕ ਜਾਵੇ। ਮੈਂ ਤੁਹਾਨੂੰ 2-3 ਐਫ.ਆਈ.ਆਰਜ਼ ਬਾਰੇ ਦੱਸਦਾ ਹਾਂ ਜਿਹੜੀਆਂ ਫਗਵਾੜੇ ਵਿਚ ਦਰਜ ਹੋਈਆਂ ਹਨ। ਉਥੇ ਇਕ ਰਜਿਸਟਰਡ ਸੁਸਾਇਟੀ ਸ਼ਮਸ਼ਾਨਘਾਟ ਦੀ ਦੇਖਭਾਲ ਕਰਦੀ ਹੈ...

ਮਾਨਯੋਗ ਸਪੀਕਰ : ਸੋਮ ਪ੍ਰਕਾਸ਼ ਜੀ, ਇਥੇ ਇੰਡੀਵਿਜ਼ੂਅਲ ਕੇਸ ਦਾ ਜ਼ਿਕਰ ਨਾ ਕਰੋ। ਪਲੀਜ਼ ਇੰਡੀਵਿਜ਼ੂਅਲ ਕੇਸਾਂ ਦਾ ਜ਼ਿਕਰ ਨਾ ਕੀਤਾ ਜਾਵੇ।

ਸ਼੍ਰੀ ਸੋਮ ਪ੍ਰਕਾਸ਼ : ਸਰ, ਇਹ ਹਲਕਾ ਇੰਚਾਰਜਾਂ ਦੀ ਗੱਲ ਹੈ। ਉਥੇ ਐਸ.ਐਸ.ਪੀ. ਨੇ ਹੁਕਮ ਕੀਤਾ ਕਿ ਕੇਸ ਰਜਿਸਟਰ ਕਰ ਦਿਉ। ਐਸ.ਐਚ.ਓ. ਲਿਖਦਾ ਹੈ ਕਿ ਸੁਸਾਇਟੀ ਬੜਾ ਵਧੀਆ ਕੰਮ ਕਰ ਰਹੀ ਹੈ, ਸਾਰੇ ਪਿੰਡ ਵਾਲੇ ਬੜੇ ਖੁਸ਼ ਹਨ ਅਤੇ ਸਾਰੇ ਪਿੰਡ ਵਾਸੀ ਸੁਸਾਇਟੀ ਨਾਲ ਸਹਿਮਤ ਹਨ ਪ੍ਰੰਤੂ ਅਫਸਰਾਂ ਦੇ ਹੁਕਮਾਂ ਅਨੁਸਾਰ ਮੈਂ ਕੇਸ ਰਜਿਸਟਰਡ ਕਰਦਾ ਹਾਂ। ਸਪੀਕਰ ਸਾਹਿਬ, ਜਦੋਂ ਸਾਰਾ ਪਿੰਡ ਖੁਸ਼ ਹੈ ਅਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੈ ਪਰ ਉਪਰੋਂ ਹਲਕਾ ਇੰਚਾਰਜ ਨੇ ਹੁਕਮ ਦੇ ਦਿੱਤਾ....

ਮਾਨਯੋਗ ਸਪੀਕਰ : ਤੁਹਾਡੀ ਗੱਲ ਆ ਗਈ ਹੈ, ਪਲੀਜ਼, ਤੁਸੀਂ ਬੈਠੋ।

ਸ਼੍ਰੀ ਸੋਮ ਪ੍ਰਕਾਸ਼: ਸਪੀਕਰ ਸਾਹਿਬ, ਗੱਲ ਮੁੱਕ ਲੈਣ ਦਿਉ। ਉਥੇ 2-3 ਐਫ.ਆਈ.ਆਰਜ਼ ਰਜਿਸਟਰਡ ਹੋਈਆਂ ਹਨ....

ਮਾਨਯੋਗ ਸਪੀਕਰ: ਤੁਹਾਡੀ ਗੱਲ ਹੋ ਗਈ ਹੈ, ਪਲੀਜ਼ ਬੈਠੋ। ਪ੍ਰੋਫੈਸਰ ਬਲਜਿੰਦਰ ਕੌਰ ਜੀ ਪਹਿਲੀ ਵਾਰ ਹਾਊਸ ਵਿਚ ਬੋਲਣ ਲੱਗੇ ਹਨ, ਉਨ੍ਹਾਂ ਦੀ ਗੱਲ ਸੁਣੀ ਜਾਵੇ।

ਪ੍ਰੋਫੈਸਰ ਬਲਜਿੰਦਰ ਕੌਰ : ਮਾਨਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ। ਇਥੇ ਸਤਿਕਾਰਯੋਗ ਮੁੱਖ ਮੰਤਰੀ ਜੀ ਬੈਠੇ ਹਨ। ਦੋ ਦਿਨ ਪਹਿਲਾਂ ਇਕ ਬੜੀ ਦਰਦਨਾਕ ਐਕਸੀਡੈਂਟ ਦੀ ਘਟਨਾ ਤਲਵੰਡੀ ਸਾਬੋ ਵਿਖੇ ਵਾਪਰੀ ਹੈ। I am talking about my own Vidhan Sabha Constituency. ਉਥੇ ਉਸ ਐਕਸੀਡੈਂਟ ਵਿੱਚ ਇਕ ਪਰਿਵਾਰ ਦੇ 4 ਮੈਂਬਰ ਖਤਮ ਹੋ ਜਾਂਦੇ ਹਨ। ਇਹ ਬੜੇ ਦੁੱਖ ਦੀ ਗੱਲ ਹੈ ਕਿ ਜਿਥੇ ਅੱਜ ਪੰਜਾਬ ਦੇ ਲੋਕਾਂ ਨੂੰ ਪੰਜਾਬ ਸਰਕਾਰ ਤੋਂ ਬੜੀਆਂ ਹੀ ਐਕਸਪੈਕਟੇਸ਼ਨਜ਼ ਹਨ। ਪ੍ਰੰਤੂ ਗਵਰਨਰ ਐਡਰੈਸ ਵਿਚ ਇਸ ਤਰ੍ਹਾਂ ਦੇ ਕੇਸਾਂ ਬਾਰੇ ਕਿਤੇ ਵੀ ਕੋਈ ਸਟੇਟਮੈਂਟ ਜਾਂ ਜ਼ਿਕਰ ਨਹੀਂ ਹੈ ਕਿ ਪੰਜਾਬ ਸਰਕਾਰ ਅਜਿਹੇ ਕੇਸਾਂ ਵਿਚ ਕੀ ਕਰ ਰਹੀ ਹੈ ਜਿਥੇ ਕਿ ਇਕ ਪਰਿਵਾਰ ਦੇ 4 ਮੈਂਬਰ ਮੌਕੇ ਤੇ ਹੀ ਖਤਮ ਹੋ ਜਾਂਦੇ ਹਨ ...

ਮਾਨਯੋਗ ਸਪੀਕਰ : ਤੁਹਾਡੀ ਗੱਲ ਆ ਗਈ ਹੈ।

ਪ੍ਰੋਫੈਸਰ ਬਲਜਿੰਦਰ ਕੌਰ : ਸਪੀਕਰ ਸਾਹਿਬ, ਮੈਂ ਚਾਹੁੰਦੀ ਹਾਂ ਕਿ ਇਸ ਬਾਰੇ ਸਰਕਾਰ ਨੂੰ ਕੁਝ ਨਾ ਕੁਝ ਜ਼ਰੂਰ ਕਰਨਾ ਚਾਹੀਦਾ ਹੈ ਕਿਉਂਜੋ ਉਸ ਪਰਿਵਾਰ ਦੇ ਕਮਾਊ ਜੀਅ ਖਤਮ ਹੋ ਗਏ ਹਨ। Moreover ਜਿਹੜੇ ਰੋਡ ਐਕਸੀਡੈਂਟ ਹੁੰਦੇ ਹਨ, ਇਹ ਜ਼ਿਆਦਾਤਰ ਅਵਾਰਾਂ ਪਸ਼ੂਆਂ ਕਾਰਨ ਹੁੰਦੇ ਹਨ, ਉਨ੍ਹਾਂ ਲਈ ਸਰਕਾਰ ਕੀ ਪ੍ਰਬੰਧ ਕਰ ਰਹੀ ਹੈ ਤਾਂ ਜੋ ਜਾਨੀ ਨੁਕਸਾਨ ਨਾ ਹੋਵੇ। ਕਿਸਾਨਾਂ ਦੀਆਂ ਜਿਹੜੀਆਂ ਫਸਲਾਂ ਹਨ, ਕਿਸਾਨ ਦਿਨ-ਰਾਤ ਇਕ ਕਰਕੇ ਫਸਲਾਂ ਉਗਾਉਂਦਾ ਹੈ, ਉਸ ਦੀ ਰਾਖੀ ਕਰਦੇ ਹਨ, ਰਾਤ-ਰਾਤ ਭਰ ਜਾਗਦੇ ਹਨ ਅਤੇ ਉਨ੍ਹਾਂ ਦੇ ਰੋਡ ਐਕਸੀਡੈਂਟ ਹੋ ਜਾਂਦੇ ਹਨ। ਇਸ ਤੋਂ ਅੱਗੇ ਮੈਂ ਇਹ ਵੀ ਕਹਿਣਾ ਚਾਹੁੰਦੀ ਹਾਂ ਕਿ ਤਲਵੰਡੀ ਸਾਬੋ ਵਿਚ ਕੋਈ ਵੀ ਐਸਾ ਪ੍ਰੋਵੀਜ਼ਨ ਨਹੀਂ ਹੈ ਕਿ ਉਥੇ ਗੌਰਮਿੰਟ ਹਸਪਤਾਲ ਹੋਵੇ ਜਿਥੇ ਚੰਗਾ ਇਲਾਜ ਕਰਵਾਇਆ ਜਾ ਸਕੇ। ਜਦੋਂ ਅਜਿਹੇ ਕੇਸਾਂ ਨੂੰ ਬਠਿੰਡਾ ਲੈ ਕੇ ਜਾਂਦੇ ਹਾਂ ਤਾਂ ਉਹ ਰਸਤੇ ਵਿਚ ਦਮ ਤੋੜ ਜਾਂਦੇ ਹਨ.....

ਮਾਨਯੋਗ ਸਪੀਕਰ: ਇਹ ਗੱਲ ਤੁਸੀਂ ਅੱਗੇ ਸਪਲੀਮੈਂਟਰੀ ਡਿਮਾਂਡਜ਼ ਉਤੇ ਕਰ ਸਕਦੇ ਹੋ। ਹੁਣ ਤੁਹਾਡੀ ਗੱਲ ਆ ਗਈ ਹੈ। ਪਲੀਜ਼ ਬੈਠੋ। ਜ਼ੀਰੋ ਆਵਰ ਖਤਮ ਹੁੰਦਾ ਹੈ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ। ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ । ਹਾਂ ਜੀ, ਸੰਸਦੀ ਮਾਮਲੇ ਮੰਤਰੀ ਕਾਗਜ਼ ਪੱਤਰ ਪੇਸ਼ ਕਰਨ।

PAPERS LAID ON THE TABLE OF THE HOUSE

ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ): ਸ਼੍ਰੀਮਾਨ ਜੀ, ਮੈਂ ਹੇਠ ਲਿਖੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :-

1. i) ਸਾਲ 2015-2016 ਲਈ ਰਾਜ ਦੀ ਵਿੱਤੀ ਵਿਵਸਥਾ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ;
   ii) ਸਾਲ 2015-2016 ਲਈ ਸਰਕਾਰੀ ਅਦਾਰਿਆਂ (ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ;
   iii) ਸਾਲ 2015-16 ਲਈ ਮਾਲੀਆ ਖੇਤਰ ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ;
   iv) ਸਾਲ 2015-2016 ਲਈ ਸਮਾਜਿਕ, ਆਮ ਅਤੇ ਆਰਥਿਕ ਖੇਤਰਾਂ (ਗੈਰ-ਸਰਕਾਰੀ ਅਦਾਰਿਆਂ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ;
   v) ਸਾਲ 2015-2016 ਲਈ ਪੰਜਾਬ ਸਰਕਾਰ ਦੇ ਵਿੱਤੀ ਲੇਖੇ (ਭਾਗ I ਅਤੇ II); ਅਤੇ
   vi) ਸਾਲ 2015-2016 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ, ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 151(2) ਅਧੀਨ ਲੋੜੀਂਦਾ ਹੈ।
2. ਸਾਲ 2015-16 ਲਈ ਪੰਜਾਬ ਰਾਜ ਵਣ ਵਿਕਾਸ ਨਿਗਮ ਲਿਮਟਿਡ ਦੀ 33ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।
3. ਸਾਲ 2013-14 ਅਤੇ 2014-15 ਲਈ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਨਿਗਮ ਦੀਆਂ ਸਾਲਾਨਾ ਪ੍ਰਬੰਧਕੀ ਰਿਪੋਰਟਾਂ, ਜਿਵੇਂ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਨਿਗਮ ਐਕਟ, 1970 ਦੀ ਧਾਰਾ 27 (6) ਅਧੀਨ ਲੋੜੀਂਦਾ ਹੈ।
4. ਸਾਲ 2014-15 ਲਈ ਪੰਜਾਬ ਰਾਜ ਕੰਟੇਨਰ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮਟਿਡ (ਕਨਵੇਅਰ) ਦੀ 20ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।
5. ਸਾਲ 2014-15 ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਹਰਿਆਣਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀਜ਼ ਐਕਟ, 1970 ਦੀ ਧਾਰਾ 39 (3) ਅਧੀਨ ਲੋੜੀਂਦਾ ਹੈ।

6. ਸਾਲ 2014-15 ਲਈ ਪਟਿਆਲਾ ਸ਼ਹਿਰੀ ਯੋਜਨਾ ਅਤੇ ਵਿਕਾਸ ਅਥਾਰਿਟੀ ਦੀ ਸਾਲਾਨਾ ਆਡਿਟ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (1) ਅਧੀਨ ਲੋੜੀਂਦਾ ਹੈ।
7. ਸਾਲ 2013-14 ਅਤੇ 2014-15 ਲਈ ਬਠਿੰਡਾ ਵਿਕਾਸ ਅਥਾਰਿਟੀ, ਬਠਿੰਡਾ (ਬੀ.ਡੀ.ਏ) ਦੇ ਲੇਖਿਆਂ ਤੇ ਸਾਲਾਨਾ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।
8. ਸਾਲ 2015-16 ਲਈ ਪੰਜਾਬ ਸਾਬਕਾ ਫੌਜੀ ਨਿਗਮ ਦੀ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਪੰਜਾਬ ਸਾਬਕਾ ਫੌਜੀ ਨਿਗਮ (ਪੈਸਕੋ) ਐਕਟ 1978 ਦੀ ਧਾਰਾ 23 (6) ਅਧੀਨ ਲੋੜੀਂਦਾ ਹੈ।
9. ਸਾਲ 2014-15 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਲੇਖਿਆਂ ਤੇ ਸਾਲਾਨਾ, ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 104 (4) ਅਧੀਨ ਲੋੜੀਂਦਾ ਹੈ।
10. ਸਾਲ 2014-15 ਲਈ ਨੀਮ ਚਮੇਲੀ ਟੂਰਿਸਟ ਕੰਪਲੈਕਸ ਲਿਮਟਿਡ ਦੀ 12ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।
11. ਸਾਲ 2014-15 ਲਈ ਗੁਲਮੋਹਰ ਟੂਰਿਸਟ ਕੰਪਲੈਕਸ (ਹੋਲੀਡੇ ਹੋਮ) ਲਿਮਟਿਡ ਦੀ 12ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।
12. ਸਾਲ 2013-14 ਲਈ ਅੰਮ੍ਰਿਤਸਰ ਹੋਟਲ ਲਿਮਟਿਡ ਦੀ 11ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।
13. ਸਾਲ 2014-15 ਲਈ ਜਲੰਧਰ ਵਿਕਾਸ ਅਥਾਰਿਟੀ, ਜਲੰਧਰ (ਜੇ.ਡੀ.ਏ) ਦੇ ਲੇਖਿਆਂ ਤੇ ਸਾਲਾਨਾ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।
14. ਸਾਲ 2013-14 ਲਈ ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੀ.ਡੀ.ਏ) ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ

ਧਾਰਾ 54(2) ਅਧੀਨ ਲੋੜੀਂਦਾ ਹੈ।

15. ਸਾਲ 2014-15 ਲਈ ਅੰਮ੍ਰਿਤਸਰ ਵਿਕਾਸ ਅਥਾਰਿਟੀ, ਅੰਮ੍ਰਿਤਸਰ ਦੇ ਲੇਖਿਆਂ ਤੇ ਸਾਲਾਨਾ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

16. ਸਾਲ 2010-11 ਲਈ ਪੰਜਾਬ ਰਾਜ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਿਡ (ਪਨਬਸ) ਦੀ 16ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

17. ਸਾਲ 2013-14 ਲਈ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਮਨੁੱਖੀ ਅਧਿਕਾਰ ਐਕਟ , 1993 ਦੀ ਧਾਰਾ 28 ਅਧੀਨ ਲੋੜੀਂਦਾ ਹੈ।

18. ਸਾਲ 2013-14 ਲਈ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ (ਪੀ.ਆਰ.ਟੀ.ਸੀ.) ਦੇ ਸਾਲਾਨਾ ਲੇਖੇ ਅਤੇ ਆਡਿਟ ਰਿਪੋਰਟ ਦੇ ਨਾਲ ਉਪਰੋਕਤ ਰਿਪੋਰਟ ਰੱਖਣ ਵਿਚ ਹੋਈ ਦੇਰੀ ਦੇ ਕਾਰਣ ਦਰਸਾਉਂਦਾ ਵਿਵਰਣ, ਜਿਵੇਂ ਕਿ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਐਕਟ, 1950 ਦੀ ਧਾਰਾ 33 (4) ਅਧੀਨ ਲੋੜੀਂਦਾ ਹੈ।

MOTION UNDER RULE 16

ਮਾਨਯੋਗ ਸਪੀਕਰ : ਅਗਲੀ ਆਈਟਮ, ਨਿਯਮ 16 ਅਧੀਨ ਪ੍ਰਸਤਾਵ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨਗੇ ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ"

ਮਾਨਯੋਗ ਸਪੀਕਰ : ਪ੍ਰਸ਼ਨ ਹੈ -

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।"

ਸਰਦਾਰ ਸੁਖਪਾਲ ਸਿੰਘ ਖਹਿਰਾ : ** **

** Not recorded as ordered by the Chair.

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ :ਇਹ **ਰਿਕਾਰਡ ਨਾ ਕੀਤਾ ਜਾਵੇ ।

MOTION REGARDING CONSTITUTION OF ELECTED COMMITTEES FOR THE YEAR 2017-18

ਮਾਨਯੋਗ ਸਪੀਕਰ : ਅਗਲੀ ਆਈਟਮ । ਹੁਣ ਸੰਸਦੀ ਮਾਮਲੇ ਮੰਤਰੀ ਸਾਲ 2017-18 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ ਕਰਨਗੇ।

ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-

"ਕਿਉਂਜੋ ਸਾਲ 2017-18 ਲਈ -

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2017 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2017-18 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।"

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

"ਕਿਉਂਜੋ ਸਾਲ 2017-18 ਲਈ -

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;

** Not recorded as ordered by the Chair.

3. ਸਰਕਾਰੀ ਕਾਰੋਬਾਰ ਕਮੇਟੀ; ਅਤੇ

4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2017 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2017-18 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।"

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ : ਸਪੀਕਰ ਸਾਹਿਬ, ਮੇਰੀ ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਸਾਡੇ ਮਾਨਯੋਗ ਮੁੱਖ ਮੰਤਰੀ, ਕੈਪਟਨ ਅਮਰਿੰਦਰ ਸਿੰਘ ਜੀ ਨੇ ਬੜੇ ਹੀ ਵਿਸ਼ਾਲ ਹਿਰਦੇ ਨਾਲ ਸਭ ਤੋਂ ਪਹਿਲੀ ਕੈਬਨਿਟ ਮੀਟਿੰਗ ਵਿੱਚ ਪ੍ਰਸਤਾਵ ਲਿਆ ਕੇ ਪਾਸ ਕੀਤਾ ਕਿ ਪੰਜਾਬ ਦੇ ਜਿੰਨੇ ਬੋਰਡ ਹਨ ਜਾਂ ਕਾਰਪੋਰੇਸ਼ਨਾਂ ਹਨ..

ਮਾਨਯੋਗ ਸਪੀਕਰ : ਇਹ ਗੱਲ ਤੁਸੀਂ ਬਾਅਦ ਵਿੱਚ ਕਰ ਲੈਣਾ ।

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ : ਸਪੀਕਰ ਸਾਹਿਬ, ਤੁਹਾਨੂੰ ਪਾਵਰਾਂ ਮਿਲੀਆਂ ਹਨ ਤੇ ਮੈਂ ਇਸ ਮੁੱਦੇ ਤੇ ਗੱਲ ਕਰਨੀ ਚਾਹੁੰਦਾ ਹਾਂ । ਪੰਜਾਬ ਦੇ ਜਿੰਨੇ ਬੋਰਡ ਅਤੇ ਕਾਰਪੋਰੇਸ਼ਨਾਂ ਅਤੇ ਹੋਰ ਅਦਾਰੇ ਹਨ, ਉਨ੍ਹਾਂ ਵਿੱਚ ਸ਼ਡਿਊਲਡ ਕਾਸਟਸ ਨੂੰ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਰਿਜ਼ਰਵੇਸ਼ਨ ਦਿੱਤੀ ਜਾਵੇਗੀ । ਸੋ, ਕਿਉਂਕਿ ਸਦਨ ਆਪ ਜੀ ਨੂੰ ਪਾਵਰਾਂ ਦੇ ਰਿਹਾ ਹੈ ਤੇ ਮੈਂ ਆਪ ਜੀ ਨੂੰ ਵੀ ਸਨਿਮਰ ਬੇਨਤੀ ਕਰਾਂਗਾ ਕਿ ਜਦੋਂ ਵੀ ਕਮੇਟੀਆਂ ਬਣਾਉਣੀਆਂ ਹਨ, ਹਰ ਕਮੇਟੀ ਵਿੱਚ ਰਿਜ਼ਰਵੇਸ਼ਨ ਪਾਲਿਸੀ ਦਾ ਧਿਆਨ ਰੱਖਿਆ ਜਾਵੇ । ਧੰਨਵਾਦ ।

ਮਾਨਯੋਗ ਸਪੀਕਰ : ਤੁਸੀਂ ਹੁਣ ਬੈਠੋ। Thank you.

ਮਾਨਯੋਗ ਸਪੀਕਰ: ਪ੍ਰਸ਼ਨ ਹੈ -

"ਕਿਉਂਜੋ ਸਾਲ 2017-2018 ਲਈ-

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;

[ਮਾਨਯੋਗ ਸਪੀਕਰ]

3. ਸਰਕਾਰੀ ਕਾਰੋਬਾਰ ਕਮੇਟੀ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ ਲਈ ਚੋਣਾਂ 31 ਮਾਰਚ, 2017 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ /ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2017-18 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।"

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

FINANCIAL BUSINESS

I) PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2016-17

ਮਾਨਯੋਗ ਸਪੀਕਰ: ਹੁਣ ਵਿੱਤ ਮੰਤਰੀ ਸਾਲ 2016-17 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨਗੇ।

FINANCE, PLANNING AND EMPLOYMENT GENERATION MINISTER (SARDAR MANPREET SINGH BADAL) : Sir, I beg to present the Supplementary Demands for Grants for the Expenditure of the Government of Punjab for the year 2016-17 amounting to Rs.2,51,99,79,57,000.

II) SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2016-17

1. DISCUSSION ON THE ESTIMATES OF THE EXPENDITURE CHARGED ON THE REVENUE OF THE STATE

ਮਾਨਯੋਗ ਸਪੀਕਰ : ਜੇਕਰ ਕੋਈ ਮੈਂਬਰ ਕਿਸੇ ਚਾਰਜਡ ਆਈਟਮ ਤੇ ਬਹਿਸ ਕਰਨਾ ਚਾਹੁੰਦਾ ਹੈ ਤਾਂ ਕਰ ਸਕਦਾ ਹੈ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

----

2. DISCUSSION AND VOTING ON THE DEMANDS FOR SUPPLEMENTARY GRANTS

ਮਾਨਯੋਗ ਸਪੀਕਰ : ਅੱਜ ਦੀ ਕਾਰਜ-ਸੂਚੀ ਵਿੱਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 28 ਅਨੁਪੂਰਕ ਗਰਾਂਟਾਂ ਪ੍ਰਵਾਨ ਕਰਨ ਲਈ ਪੇਸ਼ ਕੀਤੀਆਂ ਗਈਆਂ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ। ਬਹਿਸ ਦੌਰਾਨ ਮਾਨਯੋਗ ਮੈਂਬਰ ਜਿਸ ਮੰਗ ਤੇ ਬੋਲਣਾ ਚਾਹੁੰਦੇ ਹੋਣ, ਉਸ ਮੰਗ ਦਾ ਜ਼ਿਕਰ ਜ਼ਰੂਰ ਕਰਨ।

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

ਮੰਗ ਨੰ: 1

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 12519785000 ਰੁਪਏ ਤੋਂ ਵੱਧ ਨਾ ਹੋਵੇ,31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 2

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 73353000 ਰੁਪਏ ਅਤੇ ਪੂੰਜੀਗਤ ਲੇਖੇ ਤੇ 56998000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 3

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 22237000 ਰੁਪਏ ਅਤੇ ਪੂੰਜੀਗਤ

[ਮਾਨਯੋਗ ਸਪੀਕਰ]
ਲੇਖੇ ਤੇ 513144000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 4

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 376996000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 5

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1114187000 ਰੁਪਏ ਅਤੇ ਪੂੰਜੀਗਤ ਲੇਖੇ ਤੇ 2000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 6

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 57290000 ਰੁਪਏ ਤੋਂ ਵੱਧ ਨਾ ਹੋਵੇ,31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 7

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 94070000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 8

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 14743621000 ਰੁਪਏ ਅਤੇ ਪੂੰਜੀਗਤ ਲੇਖੇ ਤੇ 85026430000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 9

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 34449000 ਰੁਪਏ ਅਤੇ ਪੂੰਜੀਗਤ ਲੇਖੇ ਤੇ 20321641000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 10

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1149812000 ਰੁਪਏ ਅਤੇ ਪੂੰਜੀਗਤ ਲੇਖੇ ਤੇ 58536000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 11

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1535335000 ਰੁਪਏ ਅਤੇ ਪੂੰਜੀਗਤ ਲੇਖੇ ਤੇ 190952000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 12

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7005385000 ਰੁਪਏ ਅਤੇ ਪੂੰਜੀਗਤ ਲੇਖੇ ਤੇ 726700000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 13

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 18935000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 14

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 223366000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 15

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 21343894000 ਰੁਪਏ ਅਤੇ ਪੂੰਜੀਗਤ ਲੇਖੇ ਤੇ 61601446000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 17

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 94815000 ਰੁਪਏ ਅਤੇ

[ਮਾਨਯੋਗ ਸਪੀਕਰ]
ਪੂੰਜੀਗਤ ਲੇਖੇ ਤੇ 2988728000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 18

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 47211000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 19

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 38985000 ਰੁਪਏ ਅਤੇ ਪੂੰਜੀਗਤ ਲੇਖੇ ਤੇ 459944000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 21

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1339677000 ਰੁਪਏ ਅਤੇ ਪੂੰਜੀਗਤ ਲੇਖੇ ਤੇ 6811383000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 22

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5949904000 ਰੁਪਏ ਅਤੇ ਪੂੰਜੀਗਤ ਲੇਖੇ ਤੇ 5000000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ ਅਤੇ ਪੁਨਰਵਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 23

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2968776000 ਰੁਪਏ ਅਤੇ ਪੂੰਜੀਗਤ ਲੇਖੇ ਤੇ 647880000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਦਿਹਾਤੀ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 24

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ

ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 25

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 10000 ਰੁਪਏ ਅਤੇ ਪੂੰਜੀਗਤ ਲੇਖੇ ਤੇ 2000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀਆਂ ਅਤੇ ਬੱਚਿਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 26

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 45118000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 27

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 623164000 ਰੁਪਏ ਪੂੰਜੀਗਤ ਲੇਖੇ ਤੇ 87100000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 28

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 53518000 ਰੁਪਏ ਅਤੇ ਪੂੰਜੀਗਤ ਲੇਖੇ ਤੇ 282871000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ- ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 29

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 206369000 ਰੁਪਏ ਅਤੇ ਪੂੰਜੀਗਤ ਲੇਖੇ ਤੇ 48632000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਟ੍ਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 30

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8642000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਵਿਜੀਲੈਂਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

ਬਹਿਸ, ਹਾਂ ਜੀ, ਫੂਲਕਾ ਸਾਹਿਬ ।

Sardar Harvinder Singh Phoolka (Dakha) : Thank you sir. ਪਹਿਲਾਂ ਤਾਂ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਹ ਜੋ ਅਨੁਪੂਰਕ ਮੰਗਾਂ ਆਈਆਂ ਹਨ, ਇਹ ਪੰਜ ਮਿੰਟ ਪਹਿਲਾਂ ਹੀ ਸਾਡੇ ਟੇਬਲ ਤੇ ਰੱਖ ਕੇ ਗਏ ਹਨ। ਜੇ ਪੰਜਾਬ ਸਰਕਾਰ ਅਤੇ ਮਾਨਯੋਗ ਵਿੱਤ ਮੰਤਰੀ ਜੀ ਇੱਕ ਦਿਨ ਪਹਿਲਾਂ ਵੀ ਦੇ ਦਿੰਦੇ ਤਾਂ at least ਇਥੇ ਜਿਹੜੀ ਡਿਸਕਸ਼ਨ ਸੀ, ਉਹ ਮੀਨਿੰਗਫੁੱਲ ਹੋਣੀ ਸੀ। ਸਪੀਕਰ ਸਾਹਿਬ, ਮੈਂ ਇੱਕ ਹੋਰ ਬੜਾ ਇਤਰਾਜ਼ ਕਰਨਾ ਚਾਹੁੰਦਾ ਹਾਂ ਕਿ ਅੱਜ ਵੋਟ ਆਨ-ਅਕਾਊਂਟ ਵੀ ਆ ਰਿਹਾ ਹੈ ਅਤੇ ਆਪੋਜੀਸ਼ਨ ਪਾਰਟੀ ਨੂੰ ਅਖਬਾਰਾਂ ਰਾਹੀਂ ਪਤਾ ਚੱਲ ਰਿਹਾ ਹੈ ਕਿ ਪਿਛਲੇ ਸਾਲ ਨਾਲੋਂ ਇਸ ਸਾਲ ਤਕਰੀਬਨ 13,000 ਕਰੋੜ ਰੁਪਏ ਜ਼ਿਆਦਾ ਮੰਗੇ ਜਾ ਰਹੇ ਹਨ। ਸਾਨੂੰ, ਆਪੋਜ਼ੀਸ਼ਨ ਦੇ ਜੋ ਮੈਂਬਰ ਹਨ, ਉਨ੍ਹਾਂ ਨੂੰ ਮੀਡੀਏ ਰਾਹੀਂ ਹੀ ਪਤਾ ਲੱਗ ਰਿਹਾ ਹੈ। ਮੈਂ ਮੁੱਖ ਮੰਤਰੀ ਜੀ ਨੂੰ ਅਤੇ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਜੋ ਇੰਨਾ ਇੰਪਾਰਟੈਂਟ ਮਸਲਾ ਹੈ, ਪੰਜਾਬ ਇਸ ਸਮੇਂ ਬੜੀ ਬੁਰੀ ਤਰ੍ਹਾਂ ਫਾਈਨਾਂਸ਼ੀਅਲ ਕਰਾਈਸਿਜ ਵਿੱਚ ਹੈ ਜੋ ਕਿ ਮੁੱਖ ਮੰਤਰੀ ਜੀ ਨੇ ਖੁਦ ਕਿਹਾ ਹੈ ਅਤੇ ਗਵਰਨਰ ਐਡਰੈਸ ਵਿੱਚ ਵੀ ਆਇਆ ਹੈ। ਇਸ ਟਾਈਮ ਤੇ 25,000 ਕਰੋੜ ਰੁਪਏ ਦੀ ਡਿਮਾਂਡ ਅਤੇ ਉਸ ਤੋਂ ਅਗਲੀ ਜਿਹੜੀ ਆ ਰਹੀ ਹੈ, ਕਹਿੰਦੇ 13,000 ਕਰੋੜ ਰੁਪਏ ਦੀ ਵੱਧ ਡਿਮਾਂਡ ਹੈ। ਇੱਕ ਤਰ੍ਹਾਂ 10 ਮਿੰਟ ਵਿਧਾਨ ਸਭਾ ਦੇ ਮੈਂਬਰਾਂ ਨੂੰ ਦੇ ਕੇ ਇਹ ਡਿਮਾਂਡਾਂ ਪਾਸ ਕਰਾਉਣਾ, ਇਸ ਤੇ ਮੈਂ ਇਤਰਾਜ਼ ਕਰਦਾ ਹਾਂ। ਇਨ੍ਹਾਂ ਡਿਮਾਂਡਜ਼ ਦੇ ਉਤੇ ਪਰਾਪਰ ਬਹਿਸ ਹੋਣੀ ਚਾਹੀਦੀ ਹੈ। ਪਰਾਪਰ ਬਹਿਸ ਤਾਂ ਹੀ ਹੋਏਗੀ ਜੇਕਰ ਇਨ੍ਹਾਂ ਨੂੰ ਕਮ-ਅਜ਼-ਕਮ ਇੱਕ ਦਿਨ ਪਹਿਲਾਂ ਤਾਂ ਸਰਕੂਲੇਟ ਕੀਤਾ ਜਾਂਦਾ। ਠੀਕ ਹੈ ਟਾਈਮ ਘੱਟ ਸੀ ਪਰ ਮੇਰੀ ਰਿਕੁਐਸਟ ਹੈ ਕਿ ਅਗਰ ਵਿੱਤ ਮੰਤਰੀ ਜੀ ਮੰਨਣ ਤਾਂ ਇਸ ਨੂੰ ਥੋੜ੍ਹਾ ਜਿਹਾ ਸਟੱਡੀ ਕਰ ਲਈਏ। ਘੰਟੇ ਬਾਅਦ ਲੈ ਲਿਆ ਜਾਵੇ ਤਾਂ ਕਿ ਇਸ ਨੂੰ ਥੋੜ੍ਹਾ ਜਿਹਾ ਦੇਖ ਲਿਆ ਜਾਵੇ ਅਤੇ ਨਾਲ ਦੀ ਨਾਲ ਉਹ ਵੀ ਐਕਸਪਲੇਨ ਕਰਨ ....

ਮਾਨਯੋਗ ਸਪੀਕਰ : ਫੂਲਕਾ ਸਾਹਿਬ, ਇਹ ਖਰਚਾ ਤਾਂ ਪਹਿਲਾਂ ਹੋ ਚੁੱਕਿਆ ਹੈ।

ਸਰਦਾਰ ਹਰਵਿੰਦਰ ਸਿੰਘ ਫੂਲਕਾ : ਸਪੀਕਰ ਸਾਹਿਬ, ਜਿਹੜਾ ਪਹਿਲਾਂ ਖਰਚਾ ਹੋ ਚੁੱਕਿਆ ਹੈ, ਉਸੇ ਉਤੇ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਜਿਹੜਾ ਐਕਸਟਰਾ ਖਰਚਾ ਹੋਇਆ ਹੈ, ਉਸ ਉਤੇ ਗੌਰਮਿੰਟ ਨੇ ਕੀ ਐਕਸ਼ਨ ਲਿਆ ਹੈ?

ਮਾਨਯੋਗ ਸਪੀਕਰ: ਇਹ ਤੁਸੀਂ ਆਪਣੀ ਗੱਲ ਵੋਟ ਆਨ-ਅਕਾਊਂਟ ਦੇ ਉਤੇ ਕਹਿ ਲੈਣਾ। ਪਲੀਜ਼ ਤੁਸੀਂ ਬੈਠੋ। ਹਾਂ ਜੀ, ਖਹਿਰਾ ਸਾਹਿਬ।

ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ) : ਸਪੀਕਰ ਸਾਹਿਬ, ਮੈਂ ਇੱਕ ਬੜਾ ਹੀ ਅਹਿਮ ਮਸਲਾ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੀ ਇਸ ਵੇਲੇ ਫਾਈਨਾਂਸ਼ੀਅਲ ਸਿਚੂਏਸ਼ਨ is very critical ਹੈ, ਅੱਜ ਪੰਜਾਬ ਦੇ ਸਿਰ ਉਤੇ

ਲਗਭਗ ਦੋ ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ ਹੈ। ਮੁੱਖ ਮੰਤਰੀ ਸਾਹਿਬ ਜਦੋਂ 1985 ਵਿੱਚ ਜਿਥੇ ਐਗਰੀਕਲਚਰ ਮਨਿਸਟਰ ਸੀ, ਮੇਰਾ ਖਿਆਲ ਹੈ ਕਿ I am subject to correction if I am wrong 1985 ਤੱਕ ਪੰਜਾਬ ਸਰਕਾਰ ਰੈਵੇਨਿਊ ਸਰਪਲੱਸ ਸਟੇਟ ਸੀ ਪਰੰਤੂ ਤੀਹਾਂ ਸਾਲਾਂ ਵਿਚ, ਤਿੰਨ ਦਹਾਕਿਆਂ ਵਿਚ ਉਸ ਵਿੱਚ ਇੱਕ ਮਿਲੀਟੈਂਸੀ ਦਾ ਪੀਰੀਅਡ ਜ਼ਰੂਰ ਆਇਆ ਸੀ ਅਤੇ ਸਪੈਸ਼ਲ ਟਰਮ ਲੋਨ 8000 ਕਰੋੜ ਰੁਪਏ ਤੋਂ ਚਲਦਾ-ਚਲਦਾ, ਅੱਜ ਤੀਹਾਂ ਸਾਲਾਂ ਵਿੱਚ ਸਕਸੈਸਿਵ ਗੌਰਮਿੰਟਾਂ ਦੌਰਾਨ ਇੰਨਾ ਜ਼ਿਆਦਾ, ਮੈਨੂੰ ਮਾਫ ਕਰਨਾ ਕਿ ਲੁੱਟ ਮੱਚੀ ਹੋਈ ਹੈ ਕਿ ਪੰਜਾਬ ਦੇ ਸਿਰ ਦੋ ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ ਹੈ। ਸਪੀਕਰ ਸਾਹਿਬ, ਮੈਨੂੰ ਇੱਕ ਮਿੰਟ ਟਾਈਮ ਦੇ ਦਿਉ ਜੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕਿਉਂ ਹੋ ਰਿਹਾ ਹੈ ਕਿਉਂਕਿ ਸਰਕਾਰੀ ਕੰਮ ਵਿਚ ਇੰਨੀ ਪਿਲਫਰੇਜ਼ ਹੈ, ਏਨੀ ਜ਼ਿਆਦਾ ਬੇਤਹਾਸ਼ਾ ਕੁਰੱਪਸ਼ਨ ਹੈ ਕਿ ਜਿੰਨਾ ਵੀ ਸਰਕਾਰ ਪਿੰਡਾਂ ਤੱਕ, ਹਸਪਤਾਲਾਂ ਤੱਕ, ਸਕੂਲਾਂ ਤੱਕ ਥੱਲੇ ਪੈਸਾ ਲਗਾਉਂਦੀ ਹੈ ਉਸ ਵਿਚੋਂ 35-40-50 ਪਰਸੈਂਟ ਪੈਸਾ ਖਾਧਾ ਜਾਂਦਾ ਹੈ । Corruption is one matter. (ਵਿਘਨ) Just have patience for one minute. ਇਹ ਜਿਹੜੀ ਕੁਰੱਪਸ਼ਨ ਹੈ ਇਹ ਸਰਕਾਰ ਦੇ ਉਤੇ ਦੋ ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹਨ ਦਾ ਇੱਕ ਵੱਡਾ ਕਾਰਨ ਹੈ । ਹੁਣ ਸਰਕਾਰ ਨਵੀਂ ਬਣੀ ਹੈ, ਸਰਕਾਰ ਨੇ ਆਪਣੇ ਮੈਨੀਫੈਸਟੋ ਵਿੱਚ, ਪਹਿਲਾਂ ਐਲਾਨਾਂ ਵਿਚ ਕਿਹਾ ਕਿ Corruption in high places will be dealt with very strongly. ਮੈਂ ਕਿਸੇ ਪਰਿਵਾਰ ਦਾ ਨਾਂ ਨਹੀਂ ਲੈਣਾ ਚਾਹੁੰਦਾ ਲੇਕਿਨ ਜਿਨ੍ਹਾਂ ਲੋਕਾਂ ਨੇ ਦਸ ਸਾਲ ਦੋਨਾਂ ਹੱਥਾਂ ਨਾਲ ਇਸ ਸੂਬੇ ਨੂੰ ਲੁੱਟਿਆ ਹੈ, ਇਲਲੀਗਲ ਮਾਈਨਿੰਗ, ਕੀ ਮੈਂ ਕਹਾਂ ਟਰਾਂਸਪੋਰਟ ਦਾ ਫਾਇਦਾ...

ਮਾਨਯੋਗ ਸਪੀਕਰ : ਖਹਿਰਾ ਸਾਹਿਬ, ਤੁਹਾਡੀ ਗੱਲ ਆ ਗਈ ਹੈ, ਤੁਸੀਂ ਬੈਠੋ । Please be specific.

ਸਰਦਾਰ ਸੁਖਪਾਲ ਸਿੰਘ ਖਹਿਰਾ : ਸਰ, ਮੈਂ ਉਥੇ ਹੀ ਆ ਰਿਹਾ ਹਾਂ। ਹਰ ਕਿਸਮ ਦਾ ਮਾਫੀਆ ਇੱਥੇ ਪੰਜਾਬ ਵਿਚ ਪਣਪਿਆ । ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਮੁੱਖ ਮੰਤਰੀ ਸਾਹਿਬ ਜੀ ਨੂੰ ਇਹ ਰਾਇ ਹੈ ਕਿ corruption in high places should not be allowed to go scotfree. ਇਨ੍ਹਾਂ ਨੇ ਕਹਿ ਦਿੱਤਾ ਕਿ ਅਸੀਂ ਪੁਲੀਟੀਕਲ ਵੈਂਡੇਟਾ ਨਹੀਂ ਕਰਾਂਗੇ। ਮੈਂ ਇਨ੍ਹਾਂ ਦੇ ਨਾਲ ਬਿਲਕੁਲ ਸਹਿਮਤ ਹਾਂ, ਬਿਲਕੁਲ ਬਦਲਾਖੋਰੀ ਦੀ ਰਾਜਨੀਤੀ ਨਹੀਂ ਹੋਣੀ ਚਾਹੀਦੀ ਪਰ ਜਿਹੜੀ ਦਸ ਸਾਲ ਲੁੱਟ ਹੋਈ ਹੈ, ਜਿਸ ਨੇ ਦੋ ਲੱਖ ਕਰੋੜ ਰੁਪਏ ਦਾ ਕਰਜ਼ਾ ਚੜਾਇਆ ਹੈ, ਇਸ ਦਾ ਵੀ ਤਾਂ ਹਿਸਾਬ ਹੋਣਾ ਚਾਹੀਦਾ ਹੈ..

ਮਾਨਯੋਗ ਸਪੀਕਰ: ਤੁਹਾਨੂੰ ਅੱਗੇ ਸਮਾਂ ਮਿਲੇਗਾ । ਇਹ ਤਮਾਮ ਗੱਲਾਂ ਕਰਨ ਵਾਸਤੇ ਤੁਹਾਨੂੰ ਸਮਾਂ ਮਿਲੇਗਾ।

ਸਰਦਾਰ ਸੁਖਪਾਲ ਸਿੰਘ ਖਹਿਰਾ: ਕਦੋਂ ਜੀ?

ਮਾਨਯੋਗ ਸਪੀਕਰ: ਤੁਹਾਨੂੰ ਅੱਗੇ ਸਮਾਂ ਮਿਲੇਗਾ। ਪਲੀਜ਼, ਤੁਸੀਂ ਸਪੈਸੇਫਿਕ ਡਿਮਾਂਡਜ਼ ਦੇ ਉਤੇ ਹੀ ਗੱਲ ਕਰਨੀ ਹੈ..

ਸਰਦਾਰ ਸੁਖਪਾਲ ਸਿੰਘ ਖਹਿਰਾ: ਮੇਰੀ ਬੇਨਤੀ ਹੈ ਕਿ ਇੱਕ Commission of Inquiry against powerful people including the Chief Minister's entire family and Ministers of the previous Govt. and even bureaucrats, which should be headed by a Judge of the Hon'ble High Court must be held. ਇਨ੍ਹਾਂ ਨੇ ਪ੍ਰਾਮਿਸ ਵੀ ਕੀਤਾ ਹੈ, So that ਪੰਜਾਬ ਦੀ ਲੁੱਟ ਦਾ ਅਕਾਉਂਟ ਲਿਆ ਜਾਵੇ।

Mr. Speaker : Thank you so much.

ਸਰਦਾਰ ਸੁਖਪਾਲ ਸਿੰਘ ਖਹਿਰਾ : ਸਪੀਕਰ ਸਾਹਿਬ, ਇੱਥੇ ਹੀ ਬੱਸ ਨਹੀਂ ਜਿਹੜਾ ਇਨ੍ਹਾਂ ਨੇ 13-14- 15 ਓ.ਐਸ.ਡੀ. ਅਤੇ ਏਨੇ ਵੱਡੀ ਤਦਾਦ ਵਿਚ ਐਡਵਾਈਜ਼ਰ ਲਗਾ ਦਿੱਤੇ ਹਨ ਔਰ ਉਨ੍ਹਾਂ ਨੂੰ ਕੈਬਨਿਟ ਦਾ ਸਟੇਟਸ ਦੇ ਦਿੱਤਾ ਹੈ ਤਾਂ ਕੀ ਤੁਸੀਂ ਪੰਜਾਬ ਦੇ ਸਿਰ ਤੋਂ ਇਸ ਤਰ੍ਹਾਂ ਕਰਜ਼ਾ ਘਟਾਓਗੇ?

ਮਾਨਯੋਗ ਸਪੀਕਰ : ਖਹਿਰਾ ਸਾਹਿਬ, ਤੁਸੀਂ ਪਲੀਜ਼ ਬੈਠੋ ।

ਸਰਦਾਰ ਸੁਖਪਾਲ ਸਿੰਘ ਖਹਿਰਾ : ਸਪੀਕਰ ਸਾਹਿਬ, ਇਹ ਪੰਜਾਬ ਦੇ ਫਾਈਨਾਂਸਿਜ਼ ਨਾਲ ਕਨਸਰਨਡ ਹੈ..

ਮਾਨਯੋਗ ਸਪੀਕਰ : ਨਹੀਂ ਜੀ। ਤੁਹਾਡੀ ਗੱਲ ਆ ਗਈ ਹੈ...(ਵਿਘਨ)

ਸਰਦਾਰ ਸੁਖਪਾਲ ਸਿੰਘ ਖਹਿਰਾ : ਇਹ ਕਰਜ਼ਾ ਕਿਸ ਤਰ੍ਹਾਂ ਨਹੀਂ ਚੜ੍ਹੇਗਾ ਜੇਕਰ ਆਪਾਂ ਇੰਨੀ ਵੱਡੀ ਤਦਾਦ ਵਿੱਚ ਐਡਵਾਈਜ਼ਰ ਲਗਾ ਦਿੱਤੇ ਹਨ..(ਵਿਘਨ) ਆਪਣੇ ਚਹੇਤਿਆਂ ਨੂੰ ਲਗਾਇਆ ਹੈ..(ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਅਸੀਂ ਪਹਿਲਾਂ ਕਹਿ ਚੁੱਕੇ ਹਾਂ ਕਿ ਇੱਕ ਵ੍ਹਾਈਟ ਪੇਪਰ ਬਣ ਰਿਹਾ ਹੈ, (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਫਾਈਨਾਂਸਿਜ ਉਤੇ ਇੱਕ ਵ੍ਹਾਈਟ ਪੇਪਰ ਆ ਰਿਹਾ ਹੈ, ਜਦੋਂ ਆ ਜਾਵੇਗਾ ਤਾਂ ਉਸ ਤੋਂ ਬਾਅਦ ਇਹ ਜੋ ਕੁਝ ਬੋਲਣਾ ਚਾਹੁਣ ਬੋਲ ਲੈਣ । (ਰੂਲਿੰਗ ਪਾਰਟੀ ਵੱਲੋਂ ਥੰਪਿੰਗ)

ਮਾਨਯੋਗ ਸਪੀਕਰ : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸਾਰੀਆਂ ਅਨੁਪੂਰਕ ਗਰਾਂਟਾਂ ਲਈ ਮੰਗਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ: ਪ੍ਰਸ਼ਨ ਹੈ-

ਕਿ ਸਾਲ 2016-17 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗਰਾਂਟਾਂ ਲਈ ਅਨੁਪੂਰਕ ਮੰਗਾਂ ਨੂੰ 1 ਤੋਂ 15, 17 ਤੋਂ 19 ਅਤੇ 21 ਤੋਂ 30 ਤੱਕ ਮੰਗਾਂ ਨੂੰ ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 2,51,99,79,57,000 ਤੋਂ ਵੱਧ ਨਾ ਹੋਵੇ, 31 ਮਾਰਚ, 2017

ਨੂੰ ਖਤਮ ਹੋਣ ਵਾਲੇ ਸਾਲ ਲਈ ਵੱਖ-ਵੱਖ ਵਿਭਾਗਾਂ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਜੀ ਨੂੰ ਦਿੱਤੀਆਂ ਜਾਣ।

ਮੰਗ ਨੰ: 1

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 12519785000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 2

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 73353000 ਰੁਪਏ ਅਤੇ ਪੂੰਜੀਗਤ ਲੇਖੇ ਤੇ 56998000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 3

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 22237000 ਰੁਪਏ ਅਤੇ ਪੂੰਜੀਗਤ ਲੇਖੇ ਤੇ 513144000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 4

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 376996000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 5

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1114187000 ਰੁਪਏ ਅਤੇ ਪੂੰਜੀਗਤ ਲੇਖੇ ਤੇ 2000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 6

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 57290000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਨਯੋਗ ਸਪੀਕਰ]

ਮੰਗ ਨੰ: 7

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 94070000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 8

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 14743621000 ਰੁਪਏ ਅਤੇ ਪੂੰਜੀਗਤ ਲੇਖੇ ਤੇ 85026430000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 9

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 34449000 ਰੁਪਏ ਅਤੇ ਪੂੰਜੀਗਤ ਲੇਖੇ ਤੇ 20321641000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ ਅਤੇ ਸਪਲਾਈਜ਼ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 10

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1149812000 ਰੁਪਏ ਅਤੇ ਪੂੰਜੀਗਤ ਲੇਖੇ ਤੇ 58536000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਪ੍ਰਸ਼ਾਸਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 11

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1535335000 ਰੁਪਏ ਅਤੇ ਪੂੰਜੀਗਤ ਲੇਖੇ ਤੇ 190952000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 12

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7005385000 ਰੁਪਏ ਅਤੇ ਪੂੰਜੀਗਤ ਲੇਖੇ ਤੇ 726700000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲੇ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 13

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 18935000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 14

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 223366000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 15

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 21343894000 ਰੁਪਏ ਅਤੇ ਪੂੰਜੀਗਤ ਲੇਖੇ ਤੇ 61601446000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੰਜਾਈ ਅਤੇ ਬਿਜਲੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 17

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 94815000 ਰੁਪਏ ਅਤੇ ਪੂੰਜੀਗਤ ਲੇਖੇ ਤੇ 2988728000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 18

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 47211000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 19

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 38985000 ਰੁਪਏ ਅਤੇ ਪੂੰਜੀਗਤ ਲੇਖੇ ਤੇ 459944000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 21

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1339677000 ਰੁਪਏ ਅਤੇ ਪੂੰਜੀਗਤ ਲੇਖੇ ਤੇ 6811383000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ

[ਮਾਨਯੋਗ ਸਪੀਕਰ]

ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 22

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 5949904000 ਰੁਪਏ ਅਤੇ ਪੂੰਜੀਗਤ ਲੇਖੇ ਤੇ 5000000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ ਅਤੇ ਪੁਨਰਵਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 23

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2968776000 ਰੁਪਏ ਅਤੇ ਪੂੰਜੀਗਤ ਲੇਖੇ ਤੇ 647880000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਦਿਹਾਤੀ ਵਿਕਾਸ ਅਤੇ ਪੰਚਾਇਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 24

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 1000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 25

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 10000 ਰੁਪਏ ਅਤੇ ਪੂੰਜੀਗਤ ਲੇਖੇ ਤੇ 2000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀਆਂ ਅਤੇ ਬੱਚਿਆਂ ਦੀ ਭਲਾਈ ਅਤੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 26

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 45118000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 27

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 623164000 ਰੁਪਏ ਪੂੰਜੀਗਤ ਲੇਖੇ ਤੇ 87100000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ

ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 28

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 53518000 ਰੁਪਏ ਅਤੇ ਪੂੰਜੀਗਤ ਲੇਖੇ ਤੇ 282871000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ- ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 29

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 206369000 ਰੁਪਏ ਅਤੇ ਪੂੰਜੀਗਤ ਲੇਖੇ ਤੇ 48632000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਟ੍ਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਮੰਗ ਨੰ: 30

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8642000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2017 ਨੂੰ ਖਤਮ ਹੋਣ ਵਾਲੇ ਸਾਲ ਲਈ ਵਿਜੀਲੈਂਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

(iii) THE PUNJAB APPROPRIATION BILL, 2017

ਮਾਨਯੋਗ ਸਪੀਕਰ : ਹੁਣ ਵਿੱਤ ਮੰਤਰੀ ਜੀ, ਪੰਜਾਬ ਐਪਰੋਪਰੀਏਸ਼ਨ ਬਿਲ, 2017 ਪੇਸ਼ ਕਰਨਗੇ।

Finance, Planning and Employment Generation Minister (Sardar Manpreet Singh Badal) : Sir, I beg to introduce the Punjab Appropriation Bill, 2017.

Sir, I also beg to move-

That the Punjab Appropriation Bill, 2017 be taken into consideration at once.

ਜੇ ਜਨਾਬ ਇਜ਼ਾਜਤ ਦੇਣ ਕਿਉਂਕਿ ਆਪੋਜ਼ੀਸ਼ਨ ਪਾਰਟੀ ਦੇ ਮੈਂਬਰਾਂ ਨੇ ਕਈ ਖਦਸ਼ੇ ਜਾਹਿਰ ਕੀਤੇ ਸੀ, ਜੇ ਤੁਸੀਂ ਮੈਨੂੰ ਦੋ ਮਿੰਟ ਦੇ ਦਿਓ।

ਮਾਨਯੋਗ ਸਪੀਕਰ : ਤੁਸੀਂ ਫੇਰ ਬੋਲ ਲੈਣਾ।

ਸਰਦਾਰ ਸਿਮਰਜੀਤ ਸਿੰਘ ਬੈਂਸ : ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੂੰ ਕਹੋ ਕਿ ਉਹ ਪੰਜਾਬੀ ਵਿੱਚ ਬਿਲ ਪੜ੍ਹਨ।

ਮਾਨਯੋਗ ਸਪੀਕਰ : ਇਹ ਅੰਗਰੇਜ਼ੀ ਵਿੱਚ ਪੜ੍ਹ ਸਕਦੇ ਹਨ।(ਵਿਘਨ, ਸ਼ੋਰ)

ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ : ਸਰ, ਮੈਂ ਪੰਜਾਬੀ ਵਿੱਚ ਪੜ੍ਹ ਦਿੰਦਾ ਹਾਂ।

ਮਾਨਯੋਗ ਸਪੀਕਰ : ਬੈਂਸ ਸਾਹਿਬ ਜੋ ਕੁਝ ਵੀ ਬੋਲਦੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

ਸਰਦਾਰ ਸਿਮਰਜੀਤ ਸਿੰਘ ਬੈਂਸ : ** **

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਵਿੱਤ ਮੰਤਰੀ ਜੀ, ਤੁਸੀਂ ਕੁਝ ਕਹਿਣਾ ਚਾਹੁੰਦੇ ਸੀ, ਹਾਂ ਜੀ, ਤੁਸੀਂ ਹੁਣ ਬੋਲੋ।

ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਪੰਜਾਬੀ ਵਿੱਚ ਹੀ ਬੋਲਾਂਗਾ। ਸਦਰੇ ਮੋਹਤਰਮ, ਮੈਂ ਤੁਹਾਡੀ ਮਾਰਫਤ ਲੀਡਰ ਆਫ ਦਿ ਆਪੋਜ਼ੀਸ਼ਨ ਅਤੇ ਹੋਰ ਜਿੰਨੇ ਵੀ ਮੈਂਬਰਾਨ ਨੇ ਸਪਲੀਮੈਂਟਰੀ ਗ੍ਰਾਂਟਸ ਤੇ ਜਿਹੜੇ ਖਦਸ਼ੇ ਜ਼ਾਹਿਰ ਕੀਤੇ ਹਨ, ਉਨ੍ਹਾਂ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਹ ਜਿਹੜਾ ਬਜਟ ਬਣਦਾ ਹੈ, ਇਸ ਬਜਟ ਨੂੰ ਬਜਟ ਐਸਟੀਮੇਟਸ ਕਿਹਾ ਜਾਂਦਾ ਹੈ ਕਿਉਂਕਿ ਕਿੰਨਾ ਖਰਚਾ ਹੋਣਾ ਹੈ, ਇਹ ਤੁਸੀਂ ਐਸਟੀਮੇਟ ਹੀ ਕਰ ਸਕਦੇ ਹੋ। ਮੈਨੂੰ ਲਗਦਾ ਹੈ ਕਿ ਜਦੋਂ ਦਾ ਪੰਜਾਬ ਵਜੂਦ ਵਿੱਚ ਆਇਆ ਹੈ, ਪਿਛਲੇ ਤਕਰੀਬਨ 70 ਸਾਲ ਹੋ ਗੁਜ਼ਰੇ ਹਨ, ਐਸਟੀਮੇਟਸ ਵੱਧ ਤੋਂ ਵੱਧ 500 ਕਰੋੜ, 1000 ਕਰੋੜ ਜਾਂ 2000 ਕਰੋੜ ਖੱਬੇ-ਸੱਜੇ ਹੋ ਸਕਦੇ ਹਨ। ਜਨਾਬ, ਸਪੀਕਰ ਸਾਹਿਬ, ਮੈਨੂੰ ਅਸੈਂਬਲੀ ਵਿੱਚ 22 ਸਾਲ ਹੋ ਗਏ ਹਨ ਪਰ ਮੈਂ ਕਦੇ ਇਹ ਨਹੀਂ ਸੁਣਿਆ ਕਿ ਬਜਟ ਐਸਟੀਮੇਟਸ ਬਾਰੇ ਜਿਹੜੇ ਇਨ੍ਹਾਂ ਦੇ ਤਰੀਕੇ ਹਨ, ਮੇਰੇ ਤੋਂ ਪਹਿਲਾਂ ਬੋਲਦਿਆਂ ਮਾਨਯੋਗ ਸਾਬਕਾ ਖਜ਼ਾਨਾ ਮੰਤਰੀ ਨੇ ਕਿਹਾ ਹੈ, ਸਰ, ਇਹ 25,000 ਕਰੋੜ ਦੇ ਐਸਟੀਮੇਟਸ ਤੋਂ ਚੂਕ ਗਏ। ਇਹ ਇਸ ਹਾਊਸ ਵਾਸਤੇ ਸ਼ਰਮਿੰਦਗੀ ਦਾ bias ਹੈ। ਮੈਂ ਇਸ ਜ਼ਜ਼ਬਾਤ ਦੀ ਕਦਰ ਕਰਦਾ ਹਾਂ ਕਿ ਐਸਟੀਮੇਟ ਇੰਨੇ ਗਲਤ ਕਿਵੇਂ ਹੋ ਗਏ। ਦੂਸਰਾ, ਸਪੀਕਰ ਸਾਹਿਬ, ਮੇਰਾ ਤਾਂ ਇਹ ਆਇਨੀ ਫਰਜ਼ ਹੈ, ਬਜਟ ਦੀ ਇਹ ਸੈਂਕਟਿਟੀ ਹੁੰਦੀ ਹੈ ਕਿ ਹਰ ਚੀਜ਼ ਵਿਧਾਨ ਸਭਾ ਅੱਗੇ ਪੇਸ਼ ਕੀਤੀ ਜਾਵੇ ਅਤੇ ਪੰਜਾਬ ਦੇ ਲੋਕ ਉਸ ਤੇ ਸਹਿਮਤੀ ਦੇਣ ਅਤੇ ਫੇਰ ਖਰਚ ਕੀਤਾ ਜਾਵੇ। ਹੁਣ ਇਹ ਤਾਂ ਆਲਰੇਡੀ ਖਰਚ ਹੋ ਚੁੱਕਿਆ ਹੈ।

ਸਪੀਕਰ ਸਾਹਿਬ, ਇਹ ਖਦਸ਼ਾ ਵੀ ਜ਼ਾਹਿਰ ਹੋਇਆ ਹੈ ਅਤੇ ਮੇਰੇ ਤੋਂ ਪਹਿਲਾਂ ਬੋਲਦਿਆਂ ਇਹ ਵੀ ਗੱਲ ਆਈ ਹੈ ਕਿ ਕੁਝ ਫੰਡਿੰਗ ਰੋਕ ਦਿੱਤੀ ਗਈ ਹੈ। ਜਿਹੜੇ ਫੰਡਜ਼ ਹਨ, ਨਵੀਂ ਸਰਕਾਰ ਨੇ ਬੰਦ ਕਰ ਦਿੱਤੇ ਹਨ। ਸਪੀਕਰ ਸਾਹਿਬ, ਪੰਜਾਬ ਸਰਕਾਰ ਪਿਛਲੇ 10 ਸਾਲ ਪੰਜਾਬ ਦੇ ਫਾਇਨਾਂਸਿਜ਼ ਨਾਲ, ਪੰਜਾਬ ਦੀ ਇਕਾਨਮੀ ਨਾਲ ਜੋ ਖਿਲਵਾੜ

** Not recorded as ordered by the Chair.

ਹੋਇਆ ਹੈ, ਉਸ ਲਈ ਵਾਈਟ ਪੇਪਰ ਲੈ ਕੇ ਆ ਰਹੀ ਹੈ। ਇਹ ਹਾਊਸ ਵਿੱਚ ਲੈ ਕੇ ਆਵਾਂਗੇ ਅਤੇ ਅਸੀਂ ਚਾਹਾਂਗੇ ਕਿ ਆਪੋਜ਼ੀਸ਼ਨ ਦੇ ਮੈਂਬਰ ਉਸ ਤੇ 1-2-3 ਦਿਨ ਡਿਬੇਟ ਕਰਨ। ਸਪੀਕਰ ਸਾਹਿਬ, ਪੰਜਾਬੀ ਦੇ ਦੋ ਲਫਜ਼ ਹਨ, ਇਕ ਹੈ- ਗਰੀਬੀ। ਦੂਜਾ ਹੈ - ਗੁਲਾਮੀ। ਇਹ ਅੱਡ ਅੱਡ ਲਫਜ਼ ਹਨ, ਇਕੱਠੇ ਨਹੀਂ ਹਨ ਪਰ ਦਰਅਸਲ ਜਿਹੜਾ ਬੰਦਾ ਗਰੀਬ ਹੁੰਦਾ ਹੈ, ਉਹ ਗੁਲਾਮ ਹੁੰਦਾ ਹੈ। ਕਾਸ਼ ਮੇਰੀ ਜੁਬਾਨ ਕੱਟੀ ਜਾਵੇ, ਪੰਜਾਬ ਦੇ ਪਿਛਲੇ 10 ਸਾਲਾਂ ਵਿੱਚ ਪੰਜਾਬ ਦੇ ਫਾਂਇਨਾਂਸਿਜ਼ ਨਾਲ ਜੋ ਖਿਲਵਾੜ ਹੋਇਆ ਹੈ, ਪੀੜ੍ਹੀ-ਦਰ-ਪੀੜ੍ਹੀ-ਦਰ-ਪੀੜ੍ਹੀ, ਨਸਲ ਦਰ ਨਸਲ ਗੁਲਾਮੀ ਦੀਆਂ ਜ਼ੰਜ਼ੀਰਾਂ ਪੰਜਾਬੀਆਂ ਦੇ ਪੈਰਾਂ ਵਿੱਚ ਪੈ ਚੁੱਕੀਆਂ ਹਨ।

ਅਲਾਮਾ ਇਕਬਾਲ ਇਕ ਬੜੇ ਵੱਡੇ ਸ਼ਾਇਰ ਹੋਏ ਹਨ। ਜਦੋਂ ਮੁਗਲੀਆ ਸਲਤਨਤ ਦਾ ਨਿਘਾਰ ਆਇਆ ਤਾਂ ਅਲਾਮਾ ਸਾਹਿਬ ਨੇ ਜਿਹੜਾ ਨਕਸ਼ਾ ਖਿੱਚਿਆ, ਉਹ ਹੁਣ ਪੰਜਾਬ ਦਾ ਨਕਸ਼ਾ ਹੈ। ਉਹ ਕਹਿੰਦੇ ਹਨ -

ਦੇਖਤੇ ਹੀ ਦੇਖਤੇ ਕਾਫ਼ਿਲਾ ਲੁਟਤਾ ਚਲਾ ਗਿਆ

ਹਾਏ ਸਦ ਅਫ਼ਸੋਸ .....

ਸਪੀਕਰ ਸਾਹਿਬ, ਸਦ ਲਫ਼ਜ਼ ਉਰਦੂ ਦਾ ਹੈ, ਸਦ 100 ਨੂੰ ਕਹਿੰਦੇ ਹਨ। ਭਾਵ ਕਿ ਮੈਨੂੰ 100 ਵਾਰੀ ਅਫ਼ਸੋਸ ਹੈ ।

ਹਾਏ ਸਦ ਅਫ਼ਸੋਸ ਅਹਿਸਾਸ-ਏ-ਜ਼ਿਆ ਜਾਤਾ ਰਹਾ।

ਮੈਨੂੰ ਕਾਫ਼ਿਲਾ ਲੁੱਟੇ ਜਾਣ ਦਾ ਅਫ਼ਸੋਸ ਨਹੀਂ ਪਰ ਮੈਨੂੰ ਇਸ ਗੱਲ ਦਾ 100 ਵਾਰੀ ਅਫ਼ਸੋਸ ਹੈ ਕਿ ਜਿਹੜੇ ਲੋਕ ਲੁੱਟੇ ਗਏ, ਉਨ੍ਹਾਂ ਨੂੰ ਪਤਾ ਹੀ ਨਹੀਂ ਚੱਲਿਆ ਕਿ ਸਾਡਾ ਲੁੱਟਿਆ ਕੀ ਗਿਆ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ)। ਸਪੀਕਰ ਸਾਹਿਬ, ਇਸ ਕਰਕੇ ਇਹ ਜਿਹੜਾ ....

ਸਰਦਾਰ ਪਰਮਿੰਦਰ ਸਿੰਘ ਢੀਂਡਸਾ: ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ....

ਮਾਨਯੋਗ ਸਪੀਕਰ: ਢੀਂਡਸਾ ਸਾਹਿਬ, ਬੈਠੋ, ਪਲੀਜ਼। (ਵਿਘਨ)(ਸ਼ੋਰ) ਪਲੀਜ਼, ਸੁਣੋ।

ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ : ਸਪੀਕਰ ਸਾਹਿਬ, ਪੁਰਾਣੇ ਜ਼ਮਾਨੇ ਵਿੱਚ ਇੱਕ ਚਾਂਦੀ ਦਾ ਰੁਪਿਆ ਚਲਦਾ ਸੀ। ਜਿਹੜਾ ਇਹ ਚਾਂਦੀ ਦਾ ਰੁਪਿਆ ਹੁੰਦਾ ਸੀ, ਉਸ ਨੂੰ ਸਿਆਣੇ ਲੋਕ ਖੜਕਾਉਂਦੇ ਹੁੰਦੇ ਸੀ। ਇਹ ਰੁਪਿਆ ਖੜਕਦਾ ਹੁੰਦਾ ਸੀ। ਪੰਜਾਬ ਸਰਕਾਰ ਦਾ ਜਿਹੜਾ ਪਿਛਲੇ ਦਸਾਂ ਸਾਲਾਂ ਦਾ ਰੁਪਿਆ ਗਿਆ ਹੈ, ਉਹ ਖੜ-ਖੜ ਨਹੀਂ ਕਰਦਾ। ਉਹ ਖੜਕਦਾ ਨਹੀਂ ਹੈ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਫੰਡਜ਼ ਰੋਕੇ ਨਹੀਂ ਹਨ। ਪਰ ਮੈਂ ਸਾਬਕਾ ਵਿੱਤ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਸ਼ਿਆਰਪੁਰ ਦੇ ਵਿੱਚ ਪੀ.ਆਈ.ਡੀ.ਬੀ. ਵਿਚ, ਸਪੀਕਰ ਸਾਹਿਬ, ਪੰਜਾਬ ਦੀ ਸਿਤਮ ਜ਼ਰੀਫੀ ਵੇਖੋ ਕਿ ਪੰਜਾਬ ਦੇ ਪੀ.ਆਈ.ਡੀ.ਬੀ., ਪੰਜਾਬ ਦਾ ਮੰਡੀ ਬੋਰਡ ਅਤੇ ਪੰਜਾਬ ਦੇ

[ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ]

ਜਿੰਨੇ ਵੀ ਅਦਾਰੇ ਹਨ, ਅਜਿਹਾ ਕਦੇ ਪੂਰੇ ਹਿੰਦੁਸਤਾਨ ਵਿੱਚ ਨਹੀਂ ਹੋਇਆ ਕਿ ਉਨ੍ਹਾਂ ਦੇ ਜਿਹੜੇ ਫਿਊਚਰ ਰੈਵੇਨਿਊਜ਼ ਹਨ, ਉਹ ਪੰਜ ਸਾਲਾਂ ਵਾਸਤੇ ਹਾਈਪੋਥਿਕੇਟ ਕਰ ਦੇਣਾ, ਭਾਵ ਗਹਿਣੇ ਰੱਖ ਦਿੱਤੇ ਜਾਣ। (ਰੂਲਿੰਗ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਸਪੀਕਰ ਸਾਹਿਬ, ਹੋ ਸਕਦਾ ਹੈ ਕਿ ਸ਼ਾਇਦ ਅੰਗਰੇਜ਼ਾਂ ਨੇ ਵੀ ਇੰਨੀ ਬੇਰਹਿਮੀ ਨਾਲ ਪੰਜਾਬ ਨੂੰ ਨਾ ਲੁੱਟਿਆ ਹੋਵੇ ਕਿਉਂਕਿ ਅੰਗਰੇਜ਼ਾਂ ਨੂੰ ਪਤਾ ਸੀ ਕਿ ਸਾਡੀਆਂ ਔਲਾਦਾਂ ਨੇ ਇੱਥੇ ਰਾਜ ਕਰਨਾ ਹੈ।

ਸਪੀਕਰ ਸਾਹਿਬ, ਇਸ ਦੇ ਨਾਲ ਨਾਲ ਜਿਹੜਾ ਇਹ ਥਰਡ ਪਾਰਟੀ ਆਡਿਟ ਹੈ, ਅਸੀਂ ਥਰਡ ਪਾਰਟੀ ਆਡਿਟ ਲੈ ਕੇ ਆ ਰਹੇ ਹਾਂ ਕਿ ਪਿਛਲੇ ਤਿੰਨਾਂ ਸਾਲਾਂ ਵਿੱਚ ਜਿੰਨੇ ਵੀ ਮੇਜਰ ਐਕਸਪੈਂਸਿਜ਼ ਸਟੇਟ ਫਾਈਨਾਂਸਿਜ਼ ਤੋਂ ਹੋਏ ਹਨ, ਪੀ.ਆਈ.ਡੀ.ਬੀ ਦੇ ਔਰ ਇਸ ਦੇ ਨਾਲ ਨਾਲ ਜਿਹੜੇ ਬਿਜਲੀ ਬੋਰਡ ਦੇ ਐਕਸਪੈਂਸਿਜ਼ ਹੋਏ ਹਨ, ਜਿਨ੍ਹਾਂ ਨੇ ਵੀ ਇਹ ਘਪਲੇ ਕੀਤੇ ਹਨ, ਇਸ ਸਬੰਧ ਵਿੱਚ ਆਡਿਟ ਹੋਵੇਗਾ। ਇਹ ਆਡਿਟ ਪਾਰਟੀ ਆਪਣੀ ਨਹੀਂ ਹੋਵੇਗੀ, ਇਹ ਥਰਡ ਪਾਰਟੀ ਹੋਵੇਗੀ, ਕੋਈ ਦਿੱਲੀ ਤੋਂ ਅਤੇ ਕੋਈ ਇੰਟਰਨੈਸ਼ਨਲ ਕੰਪਨੀ ਲੈ ਕੇ ਆਵਾਂਗੇ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਚਾਹੇ ਕੋਈ ਵਿਅਕਤੀ ਵੱਡਾ ਹੈ, ਚਾਹੇ ਛੋਟਾ ਹੈ, ਚਾਹੇ ਅਮੀਰ ਹੈ ਜਾਂ ਗਰੀਬ ਹੈ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਾਨੂੰਨ ਉਸ ਦੀ ਤਮੀਜ਼ ਨਹੀਂ ਕਰੇਗਾ। ਸਪੀਕਰ ਸਾਹਿਬ, ਸਾਡਾ ਧਰਮ ਹੈ ਕਿ ਜਿਹੜੇ ਸਟੇਟ ਦੇ ਫਾਈਨਾਂਸਿਜ਼ ਹਨ, ਜਿਹੜੇ ਸਟੇਟ ਦੇ ਕਾਰੋਬਾਰ ਹਨ, ਉਹ ਅਗਲੇ ਪੰਜ ਸਾਲ ਵਾਸਤੇ ਕੈਪਟਨ ਅਮਰਿੰਦਰ ਸਿੰਘ ਜੀ ਦੀ ਜ਼ੇਰੇ ਕਿਆਦਤ ਰਹਿਣਗੇ । ਅਸੀਂ ਅਵਾਮ ਦੀ ਕਚਹਿਰੀ ਵਿਚੋਂ ਸੁਰਖ਼ਰੂ ਹੋ ਕੇ ਆਏ ਹਾਂ। ਅਸੀਂ ਕੋਈ ਇਨ੍ਹਾਂ ਦੇ (ਆਪੋਜੀਸ਼ਨ ਬੈਂਚਿਜ ਵੱਲ ਇਸ਼ਾਰਾ) ਕਹਿਣ ਤੇ ਨਹੀਂ ਆਏ। ਅਵਾਮ ਦੀ ਕਚਹਿਰੀ ਵਿਚੋਂ ਸੁਰਖ਼ਰੂ ਹੋ ਕੇ ਆਏ ਹਾਂ। (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਪਹਿਲੀ ਵਾਰੀ ਬੜੇ ਲੰਬੇ ਸਮੇਂ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਜੀ ਦੀ ਕਿਆਦਤ ਵਾਲੀ ਸਰਕਾਰ ਪੰਜਾਬ ਦੀ ਜਨਤਾ ਨੂੰ ਇੱਕ ਵੀ.ਆਈ.ਪੀ. ਰਹਿਤ ਕਲਚਰ, ਇੱਕ ਅਕਾਊਂਟੇਬਿਲਟੀ ਕਲਚਰ ਮੁਤਾਰਿਫ਼ ਕਰਵਾ ਰਹੀ ਹੈ। ਸਪੀਕਰ ਸਾਹਿਬ, ਮੈਂ ਇਸ ਵਿਸ਼ੇ ਤੇ ਜ਼ਿਆਦਾ ਬਹਿਸ ਨਹੀਂ ਕਰਨਾ ਚਾਹੁੰਦਾ, ਜਦੋਂ ਵਾਈਟ ਪੇਪਰ ਆਵੇਗਾ, ਉਦੋਂ ਇਸ ਤੇ ਗੱਲ ਕਰਾਂਗੇ। ਉਸੇ ਪੀ.ਆਈ.ਡੀ.ਬੀ. ਦਾ ਜਿਸ ਦਾ ਢੀਂਡਸਾ ਸਾਹਿਬ ਖ਼ਦਸ਼ਾ ਕਰ ਰਹੇ ਸੀ ਕਿ ਪੈਸਾ ਰੋਕ ਦਿੱਤਾ ਗਿਆ ਹੈ, ਹੁਸ਼ਿਆਰਪੁਰ ਦੀ ਡਿਵੈਲਪਮੈਂਟ ਵਾਸਤੇ 6 ਕਰੋੜ ਰੁਪਿਆ ਗਿਆ ਔਰ ਤਿੰਨ ਸੌ ਠੇਕੇਦਾਰਾਂ ਨੂੰ ਛੇ ਕਰੋੜ ਰੁਪਿਆ ਬਿਨਾਂ ਟੈਂਡਰ ਤੋਂ 20-20 ਹਜ਼ਾਰ ਰੁਪਏ ਦੇ ਠੇਕਿਆਂ ਰਾਹੀਂ ਵੰਡ ਦਿੱਤਾ। (ਰੂਲਿੰਗ ਪਾਰਟੀ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ)

ਸਪੀਕਰ ਸਾਹਿਬ, ਮੈਂ ਸਦਨ ਵਿੱਚ ਕਹਿੰਦਾ ਹਾਂ। ਮੈਂ ਫੂਲਕਾ ਸਾਹਿਬ ਅਤੇ ਖਹਿਰਾ ਸਾਹਿਬ ਦੇ ਜ਼ਜ਼ਬਾਤਾਂ ਦੀ ਕਦਰ ਕਰਦਾ ਹਾਂ ਔਰ ਮੈਂ ਕਹਿਣਾ ਚਾਹੁੰਦਾ ਹਾਂ ਕਿ

ਰਾਜਨੀਤੀ ਬਾਮਕਸਦ ਹੋਣੀ ਚਾਹੀਦੀ ਹੈ। ਰਾਜਨੀਤੀ ਦਾ ਕੋਈ ਮਕਸਦ ਹੋਣਾ ਚਾਹੀਦਾ ਹੈ। ਰਾਜਨੀਤੀ ਦਾ ਮਕਸਦ ਇਹ ਨਹੀਂ ਹੈ ਕਿ ਐਮ.ਐਲ.ਏ. ਜਾਂ ਮਨਿਸਟਰ ਬਣ ਜਾਣਾ ਹੈ। ਅਸੀਂ ਪੰਜ ਸਾਲ ਕੈਪਟਨ ਸਾਹਿਬ ਦੀ ਸਰਕਾਰ ਥੱਲੇ ਇਮਾਨਦਾਰੀ ਨਾਲ, ਨੇਕ-ਨੀਅਤੀ ਨਾਲ ਚੱਲਣਾ ਹੈ। ਸਪੀਕਰ ਸਾਹਿਬ, ਸਿਆਣੇ ਕਹਿੰਦੇ ਹਨ ਕਿ ਸ਼ੋਹਰਤ ਇੱਕ ਆਰਜ਼ੀ ਚੀਜ਼ ਹੁੰਦੀ ਹੈ। ਮੰਤਰੀ ਬਣ ਜਾਣਾ ਅਤੇ ਅਹੁਦੇਦਾਰੀਆਂ ਮਿਲਣਾ ਇੱਕ ਇਤਫਾਕੀ ਹਾਦਸਾ ਹੁੰਦਾ ਹੈ। ਜਿਹੜੀ ਇਹ ਸਰਕਾਰ ਤੇ ਹਕੂਮਤ ਹੁੰਦੀ ਹੈ, ਇਹ ਸਦਾ ਨਾ ਕਿਸੇ ਕੋਲ ਰਹੀ ਹੈ ਅਤੇ ਨਾ ਹੀ ਰਹਿਣੀ ਹੈ। ਫਿਰ ਬਕਾਇਆ ਕੀ ਰਹਿ ਜਾਂਦਾ ਹੈ? ਬਕਾਇਆ ਰਹਿ ਜਾਂਦਾ ਹੈ, ਇਨਸਾਨ ਦੀ ਹਿੰਮਤ, ਇਨਸਾਨ ਦਾ ਹੌਂਸਲਾ, ਇਨਸਾਨ ਦਾ ਸਬਰ, ਇਨਸਾਨ ਦਾ ਇਖ਼ਲਾਕ ਔਰ ਇਨਸਾਨ ਦਾ ਕਿਰਦਾਰ। ਮੈਂ ਪਰਮਾਤਮਾ ਦਾ ਸ਼ੁਕਰ ਕਰਦਾ ਹਾਂ ਕਿ ਇਹ ਸਲਾਹੀਅਤਾਂ ਪਰਮਾਤਮਾ ਨੇ ਕੈਪਟਨ ਅਮਰਿੰਦਰ ਸਿੰਘ ਜੀ ਨੂੰ ਬਖ਼ਸ਼ੀਆਂ ਹਨ ਔਰ ਅਸੀਂ ਪੰਜਾਬ ਨੂੰ ਇਸ ਨਰਕ ਵਿਚੋਂ ਕੱਢਾਂਗੇ। (ਥੰਪਿੰਗ) ਮੈਂ ਫਿਰ ਕਹਾਂਗਾ ਕਿ ਜਿਨ੍ਹਾਂ ਜਿਨ੍ਹਾਂ ਨੇ ਵੀ ਬੇਨਿਯਮੀਆਂ ਕੀਤੀਆਂ ਹਨ, ਭਾਵੇਂ ਉਹ ਵੱਡੇ ਹਨ, ਛੋਟੇ ਹਨ, ਅਮੀਰ ਹਨ ਜਾਂ ਗਰੀਬ ਹਨ, ਕਾਨੂੰਨ ਉਨ੍ਹਾਂ ਦੇ ਲਈ ਤਮੀਜ਼ ਨਹੀਂ ਕਰੇਗਾ। ਮੈਂ ਤੁਹਾਡੇ ਜਜ਼ਬਾਤਾਂ ਦੀ ਕਦਰ ਹੋਇਆ ਕਹਿੰਦਾ ਹਾਂ, I have no choice, the money has already been spent. ਸਿਵਾਏ ਇਸ ਨੂੰ ਪਾਸ ਕਰਨ ਦੇ ਹੋਰ ਕੋਈ ਚਾਰਾ ਨਹੀਂ ਹੈ। ਸੋ, I seek your indulgence and indulgence of the Opposition ਕਿ ਇਹ ਸਾਨੂੰ ਕਰਨਾ ਪੈ ਰਿਹਾ ਹੈ। ਸਪੀਕਰ ਸਾਹਿਬ, ਮੈਂ ਥੋੜ੍ਹਾ ਜ਼ਿਆਦਾ ਟਾਈਮ ਲੈ ਗਿਆ। ਤੁਹਾਡਾ ਬਹੁਤ ਬਹੁਤ ਧੰਨਵਾਦ।

ਮਾਨਯੋਗ ਸਪੀਕਰ: ਧੰਨਵਾਦ ਜੀ। ਹਾਂ ਜੀ ਫੂਲਕਾ ਸਾਹਿਬ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ...

ਮਾਨਯੋਗ ਸਪੀਕਰ: ਫੂਲਕਾ ਸਾਹਿਬ ਖੜ੍ਹੇ ਹਨ, ਉਨ੍ਹਾਂ ਨੂੰ ਬੋਲ ਲੈਣ ਦਿਓ। ਤੁਸੀਂ ਵੋਟ ਆਨ-ਅਕਾਉਂਟ ਤੇ ਬੋਲ ਲੈਣਾ ਜੀ।ਥੋੜ੍ਹੇ ਸਮੇਂ ਦੀ ਗੱਲ ਹੈ, ਪਲੀਜ਼ ਬੈਠੋ।

ਸਰਦਾਰ ਹਰਵਿੰਦਰ ਸਿੰਘ ਫੂਲਕਾ (ਦਾਖਾ): ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਨੇ ਵ੍ਹਾਈਟ ਪੇਪਰ ਦੀ ਗੱਲ ਕੀਤੀ ਹੈ। ਹਜ਼ਾਰਾਂ ਕਰੋੜ ਰੁਪਿਆਂ ਦੀਆਂ ਇਥੇ ਗੱਲਾਂ ਹੋ ਰਹੀਆਂ ਹਨ ਕਿ ਜਿਵੇਂ ਇਹ ਪੈਸਾ ਨਹੀਂ, ਕਾਗਜ਼ ਦੇ ਟੁਕੜੇ ਹਨ। ਕਿਤੇ ਇਹ ਨਾ ਹੋਵੇ ਕਿ ਵ੍ਹਾਈਟ ਪੇਪਰ ਆਉਂਦੇ ਆਉਂਦੇ ਇੰਨਾ ਸਮਾਂ ਲੰਘ ਜਾਵੇ ਕਿ ਜਿਹੜਾ ਇਹ ਕਾਫਲਾ ਲੁੱਟਿਆ ਗਿਆ ਹੈ, ਇਹ ਲੁੱਟਿਆ ਹੋਇਆ ਪੈਸਾ ਪੰਜਾਬ ਤੋਂ ਬਾਹਰ ਚਲਾ ਜਾਵੇ। ਸੋ, ਅਸੀਂ ਤੁਹਾਨੂੰ ਇਹ ਗੁਜ਼ਾਰਿਸ਼ ਕਰਦੇ ਹਾਂ ਕਿ ਤੁਸੀਂ ਜਲਦੀ ਤੋਂ ਜਲਦੀ ਕੋਈ ਕਾਨੂੰਨ ਲੈ ਕੇ ਆਓ, ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ। ਇਹ ਲੁੱਟਿਆ ਹੋਇਆ ਪੈਸਾ ਪੰਜਾਬ ਤੋਂ ਬਾਹਰ ਨਹੀਂ ਜਾਣਾ ਚਾਹੀਦਾ। (ਆਮ ਆਦਮੀ ਪਾਰਟੀ ਵਲੋਂ ਥੰਪਿੰਗ)

ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ ਮੰਤਰੀ (ਬੈਠੇ ਬੈਠੇ) : ਨਹੀਂ ਜਾਏਗਾ ਜੀ।

ਸਰਦਾਰ ਹਰਵਿੰਦਰ ਸਿੰਘ ਫੂਲਕਾ: ਸਪੀਕਰ ਸਾਹਿਬ, ਮੇਰੀ ਸਰਕਾਰ ਨੂੰ ਦੂਜੀ ਬੇਨਤੀ ਹੈ ਕਿ ਜਿਹੜਾ ਵ੍ਹਾਈਟ ਪੇਪਰ ਆ ਰਿਹਾ ਹੈ। ਇਹ ਜਿਹੜਾ ਕਰਜ਼ਾ ਪੰਜਾਬ ਤੇ ਚੜ੍ਹਿਆ ਹੈ ਇਹ ਪਿਛਲੇ 20 ਸਾਲਾਂ ਤੋਂ ਚੜ੍ਹਿਆ ਹੈ। ਸੋ, ਇਹ ਵ੍ਹਾਈਟ ਪੇਪਰ ਪਿਛਲੇ 20 ਸਾਲ ਦਾ ਜਾਰੀ ਕਰਨ।

ਸਰਦਾਰ ਸੁਖਪਾਲ ਸਿੰਘ ਖਹਿਰਾ (ਬੈਠੇ ਬੈਠੇ) : 30 ਸਾਲਾਂ ਦਾ ਜੀ।

ਸਰਦਾਰ ਹਰਵਿੰਦਰ ਸਿੰਘ ਫੂਲਕਾ: ਸਪੀਕਰ ਸਾਹਿਬ, ਇਹ 30 ਸਾਲ ਕਹਿ ਰਹੇ ਹਨ ਪਰ ਘੱਟੋ ਘੱਟ 20 ਸਾਲਾਂ ਦਾ ਤਾਂ ਜ਼ਰੂਰ ਜਾਰੀ ਕਰਨਾ ਚਾਹੀਦਾ ਹੈ। ਜਿਨ੍ਹਾਂ ਨੇ ਵੀ ਪਿਛਲੇ 20 ਸਾਲਾਂ ਦੌਰਾਨ ਰਾਜ ਕੀਤਾ ਹੈ ਇਸ ਲੁੱਟ ਵਿਚ ਉਨ੍ਹਾਂ ਸਾਰਿਆਂ ਦਾ ਬਰਾਬਰ ਦਾ ਹਿੱਸਾ ਹੈ।

ਮਾਨਯੋਗ ਸਪੀਕਰ: ਧੰਨਵਾਦ, ਫੂਲਕਾ ਸਾਹਿਬ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ: ਸਪੀਕਰ ਸਾਹਿਬ...... (ਵਿਘਨ) (ਸ਼ੋਰ)

ਮਾਨਯੋਗ ਸਪੀਕਰ: ਢੀਂਡਸਾ ਸਾਹਿਬ, ਤੁਸੀਂ ਵੋਟ ਆਨ-ਅਕਾਉਂਟ ਤੇ ਬੋਲ ਲੈਣਾ ਜੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਨੂੰ ਬੋਲਣ ਦੀ ਇਜਾਜ਼ਤ ਦੇਣ ਦੀ ਮੰਗ ਕਰ ਰਹੇ ਸਨ ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

ਮਾਨਯੋਗ ਸਪੀਕਰ: ਪਲੀਜ਼ ਤੁਸੀਂ ਬੈਠੋ।

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ : ਸਪੀਕਰ ਸਾਹਿਬ...... (ਵਿਘਨ..ਸ਼ੋਰ)

ਮਾਨਯੋਗ ਸਪੀਕਰ: ਰੰਧਾਵਾ ਜੀ, ਤੁਸੀਂ ਤਾਂ ਬੈਠੋ, ਵਿੱਤ ਮੰਤਰੀ ਜੀ ਨੇ ਆਪਣੀ ਗੱਲ ਕਹਿ ਦਿੱਤੀ ਹੈ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸਪੀਕਰ ਸਾਹਿਬ...... (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਪਲੀਜ਼ ਤੁਸੀਂ ਬੈਠੋ, ਤੁਹਾਨੂੰ ਵੋਟ ਆਨ-ਅਕਾਊਂਟ ਤੇ ਬੋਲਣ ਲਈ ਪੂਰਾ ਟਾਈਮ ਮਿਲੇਗਾ।

ਸਥਾਨਕ ਸਰਕਾਰ ਮੰਤਰੀ : ਸਪੀਕਰ ਸਾਹਿਬ, ਮੈਂ ਇਕ ਗੱਲ ਸਾਬਕਾ ਵਿੱਤ ਮੰਤਰੀ ਜੀ ਲਈ ਕਹਿਣਾ ਚਾਹੁੰਦਾ ਹਾਂ:-

ਤੂੰ ਨਾ ਇਧਰ ਉਧਰ ਕੀ ਬਾਤ ਕਰ
ਯੇ ਬਤਾ ਕਿ ਕਾਰਵਾਂ ਕਿਉਂ ਲੁਟਾ ।

ਤੁਸੀਂ ਇਹ ਦੱਸੋ ਕਿ ਪੰਜਾਬ ਲੁੱਟਿਆ ਕਿਉਂ ਗਿਆ? (ਵਿਘਨ)(ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ

ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਨੂੰ ਬੋਲਣ ਦੀ ਇਜਾਜ਼ਤ ਦੇਣ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

ਮਾਨਯੋਗ ਸਪੀਕਰ : ਤੁਸੀਂ ਸਾਰੇ ਬੋਲੋਗੇ? ਉਨ੍ਹਾਂ ਨੂੰ ਗੱਲ ਕਰ ਲੈਣ ਦਿਉ। ਪਹਿਲਾਂ ਤੁਸੀਂ ਬੈਠੋ। ਜੇਕਰ ਤੁਸੀਂ ਬੈਠੋਗੇ ਤਾਂ ਹੀ ਢੀਂਡਸਾ ਸਾਹਿਬ ਕੁਝ ਕਹਿਣਗੇ। ਦੱਸੋ ਢੀਂਡਸਾ ਸਾਹਿਬ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਨ੍ਹਾਂ ਨੇ ਵ੍ਹਾਈਟ ਪੇਪਰ ਦੀ ਗੱਲ ਕੀਤੀ ਹੈ, ਅਕਾਊਂਟਸ ਥਰਡ ਪਾਰਟੀ ਤੋਂ ਆਡਿਟ ਕਰਾਉਣ ਦੀ ਗੱਲ ਕੀਤੀ ਹੈ। ਇਹ ਖੁਸ਼ ਹੋ ਕੇ ਕਰਾਉਣ। ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਸਮੇਂ ਵਿੱਤ ਵਿਭਾਗ ਵੱਲੋਂ ਕਿਸੇ ਵੀ ਕੰਮ ਦੇ ਵਿਚ ਕੋਈ ਇਲਲਿਗੈਲਿਟੀ ਨਹੀਂ ਕੀਤੀ ਗਈ (ਵਿਘਨ..ਸ਼ੋਰ)

ਸਥਾਨਕ ਸਰਕਾਰ ਮੰਤਰੀ : ਚੋਰੀ ਔਰ ਸੀਨਾ ਜੋਰੀ, ਉਲਟਾ ਚੋਰ ਕੋਤਵਾਲ ਕੋ ਡਾਂਟੇ। (ਵਿਘਨ) (ਸ਼ੋਰ)

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਜੇਕਰ ਆਡਿਟ ਵਿਚ ਕੋਈ ਵੀ ਦੋਸ਼ੀ ਪਾਇਆ ਗਿਆ ਤਾਂ ਉਸ ਦੇ ਖਿਲਾਫ ਜੀਅ ਸਦਕੇ ਇਹ ਕਾਰਵਾਈ ਕਰਨ ।(ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਤੁਹਾਡੀ ਗੱਲ ਆ ਗਈ ਹੈ, ਹੁਣ ਤੁਸੀਂ ਬੈਠੋ।

ਸਰਦਾਰ ਬਲਬੀਰ ਸਿੰਘ ਸਿੱਧੂ : ਤੁਹਾਨੂੰ (ਸ਼੍ਰੋਮਣੀ ਅਕਾਲੀ ਦੇ ਮਾਨਯੋਗ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਵੱਲ ਇਸ਼ਾਰਾ) ਮਿਰਚਾਂ ਕਿਉਂ ਲਗਦੀਆਂ ਹਨ? (ਵਿਘਨ..ਸ਼ੋਰ)

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣ ਲਓ। ਅਸਲ ਗੱਲ ਇਹ ਹੈ ਕਿ ਮੌਜੂਦਾ ਸਰਕਾਰ ਨੇ ਚੋਣਾਂ ਵਿਚ ਲੋਕਾਂ ਨੂੰ ਇੰਨੇ ਵੱਡੇ ਵੱਡੇ ਵਾਅਦੇ ਕਰ ਦਿੱਤੇ ਕਿ ਇਹ ਹੁਣ ਉਨ੍ਹਾਂ ਵਾਅਦਿਆਂ ਤੋਂ ਭੱਜਣ ਲਈ ਬਹਾਨਾ ਲੱਭ ਰਹੇ ਹਨ।

ਸਥਾਨਕ ਸਰਕਾਰ ਮੰਤਰੀ : ਅਸੀਂ ਤਾਂ ਵਾਅਦੇ ਕੀਤੇ ਹਨ ਪਰ ਤੁਸੀਂ ਸਾਡਾ ** ** ਕਰ ਦਿੱਤਾ, ਤੁਸੀਂ ਸਾਡੀ ਕੌਮ ਤਬਾਹ ਕਰ ਦਿੱਤੀ। ਤੁਸੀ ** ** ਨੌਜੁਆਨ ਬਰਬਾਦ ਕਰ ਦਿੱਤੇ । ਤੁਹਾਨੂੰ ਕੌਣ ਮੁਆਫ ਕਰੇਗਾ। ਚੋਰੀ ਤੇ ਸੀਨਾ ਜੋਰੀ, ਉਲਟਾ ਚੋਰ ਕੋਤਵਾਲ ਕੋ ਡਾਂਟੇ। ਤੁਸੀਂ ਕੌਮ ਤਬਾਹ ਕਰ ਦਿੱਤੀ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮਾਨਯੋਗ ਮੈਂਬਰ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸ ਰਹੇ ਸਨ।)

ਮਾਨਯੋਗ ਸਪੀਕਰ : ਪਲੀਜ਼ ਬੈਠੋ, ਪਲੀਜ਼ ਬੈਠੋ, ਢੀਂਡਸਾ ਸਾਹਿਬ, ਤੁਹਾਡੀ ਗੱਲ ਆ ਗਈ ਹੈ। ਬੈਠੋ ਜੀ ਬੈਠੋ। ਸਿੱਧੂ ਸਾਹਿਬ, ਰੰਧਾਵਾ ਜੀ, ਪਲੀਜ਼ ਕੰਮ ਨੂੰ ਚੱਲਣ ਦਿਓ।

** Expunged as ordered by the Hon'ble Speaker.

ਪਲੀਜ਼ ਰੰਧਾਵਾ ਜੀ ਬੈਠੋ। ਤੁਹਾਨੂੰ ਅੱਗੇ ਮੌਕਾ ਮਿਲੇਗਾ। ਹੁਣ ਪਲੀਜ਼ ਬੈਠੋ। (ਵਿਘਨ)(ਸ਼ੋਰ)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ ਬਿਲ, 2017 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ਾਂ 2 ਤੋਂ 4

ਮਾਨਯੋਗ ਸਪੀਕਰ: ਕਿਉਂਜੋ ਕਲਾਜ਼ਾਂ 2 ਤੋਂ 4 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਸ਼ਡਿਊਲ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਕਲਾਜ਼ 1

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਸਿਰਲੇਖ

ਮਾਨਯੋਗ ਸਪੀਕਰ : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਮਾਨਯੋਗ ਸਪੀਕਰ : ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

Finance, Planning and Employment Generation Minister (Sardar Manpreet Singh Badal): Sir, I beg to move-

That the Punjab Appropriation Bill, 2017 be passed.

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ ਬਿਲ, 2017 ਪਾਸ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ ਬਿਲ, 2017 ਪਾਸ ਕੀਤਾ ਜਾਵੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਸਰਦਾਰ ਸੁਖਪਾਲ ਸਿੰਘ ਖਹਿਰਾ: ਸਪੀਕਰ ਸਾਹਿਬ, ਇੱਕ ਮਿੰਟ ਜੀ, ਤੁਸੀਂ ਕਿਹਾ ਸੀ ਕਿ ਵੋਟ ਆਨ-ਅਕਾਊਂਟ ਤੇ ਡਿਸਕਸ਼ਨ ਹੋਏਗੀ।

ਮਾਨਯੋਗ ਸਪੀਕਰ: ਅੱਗੇ ਆਏਗਾ ਜੀ।

(iv) PRESENTATION OF VOTE ON ACCOUNT FOR EXPENDITURE OF THE GOVERNMENT OF PUNJAB FOR THE YEAR 2017-18

ਮਾਨਯੋਗ ਸਪੀਕਰ: ਹੁਣ ਵਿੱਤ ਮੰਤਰੀ ਸਾਲ 2017-18 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਤਿੰਨ ਮਹੀਨਿਆਂ ਲਈ (ਅਰਥਾਤ ਅਪ੍ਰੈਲ, ਮਈ ਅਤੇ ਜੂਨ, 2017) ਲੇਖਾ-ਅਨੁਦਾਨ ਪੇਸ਼ ਕਰਨ ਜੀ।

Finance, Planning and Employment Generation Minister (Sardar Manpreet Singh Badal): Sir, I beg to present the Vote on Account for Expenditure of the Government of Punjab for the year 2017-18 for three month (viz. April, May and June, 2017) amounting to Rs. 2,93,89,89,76,000/-.

(v) MOTION REGARDING VOTE-ON-ACCOUNT FOR THREE MONTHS

